Vide R.N.I. No. Pun-Pun 2002/8323
ASR/0001/2021/23

੧ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 146

D.O.P. 15 July 2022



ਗੁਰਦੁਆਰਾ ਬੀਬੀ ਕੌਲਾਂ ਜੀ (ਕੌਲਸਰ ਸਾਹਿਬ)

ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਇੱਕੀਵਾਂ ਭਾਗ- ਧੰਨ ਧੰਨ ਮਾਤਾ ਭਾਗ ਭਰੀ ਜੀ

ਅੰਦਰ ਪੜ੍ਹੋ ਜੀ

ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ
ਧੰਨ ਧੰਨ ਭਾਈ ਗੁਰਦਾਸ ਜੀ

ਅੰਦਰ ਪੜ੍ਹੋ ਜੀ

# ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁ: ਬੀਬੀ ਕੌਲਾਂ ਜੀ, ਸ੍ਰੀ ਅੰਮ੍ਰਿਤਸਰ

23 ਮਈ 2022 ਨੂੰ ਹਰ ਸਾਲ ਦੀ ਤਰ੍ਹਾਂ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ (ਗੁ: ਬੀਬੀ ਕੌਲਾਂ ਜੀ), ਸ੍ਰੀ ਅੰਮ੍ਰਿਤਸਰ ਵੱਲੋਂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਮਨਾਉਂਦੇ ਹੋਏ ਗੁਰਦੁਆਰਾ ਕੌਲਸਰ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਗੁਰਦੀਪ ਸਿੰਘ ਜੀ ਸਲੂਜਾ ਅਤੇ ਸਹਿਯੋਗੀਆਂ ਵੱਲੋਂ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ। ਜਿਸ ਦੌਰਾਨ ਸਿੰਘ ਸਾਹਿਬ, ਮਹਾਂਪੁਰਖ, ਪੰਥ ਦੇ ਮਹਾਨ ਕੀਰਤਨੀਏ ਅਤੇ ਸਮੂੰਹ ਸੰਗਤਾਂ ਨੇ ਸਮਾਗਮ ਵਿਚ ਹਾਜਰੀਆਂ ਭਰੀਆਂ।




1. ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ (ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ), 2. ਭਾਈ ਮਹਿਤਾਬ ਸਿੰਘ ਜੀ (ਜਲੰਧਰ ਵਾਲੇ), 3. ਬੀਬੀ ਪਰਮਜੀਤ ਕੌਰ ਜੀ (ਪੰਮਾ ਭੈਣ ਜੀ), 4. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਅਮਨਦੀਪ ਸਿੰਘ ਜੀ, 5. ਭਾਈ ਜਰਨੈਲ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ, 6. ਸੰਗਤਾਂ ਕਥਾ-ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-146ਵਾਂ (2022)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਇੱਕੀਵਾਂ ਭਾਗ- ਧੰਨ ਧੰਨ ਮਾਤਾ ਭਾਗ ਭਰੀ ਜੀ 6
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 15
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 17
- ਜ਼ਿੰਦਗੀ ਦੀਆਂ ਬਰੀਕੀਆਂ 18
- ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥ 20
- ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ- ਧੰਨ ਧੰਨ ਭਾਈ ਗੁਰਦਾਸ ਜੀ 22
- ਅਧਿਆਤਮਿਕ ਵਿਚਾਰਾਂ 31
- 400 ਸਾਲ ਗੁਰ ਇਤਿਹਾਸ ਦੇ ਨਾਲ 32
- ਅਨਮੋਲ ਬਚਨ 35
- ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 36
- लिखे हुए कर्मों से भी बड़ी है गुरु की कृपा 38
- धन्य धन्य भाई मनी सिंघ जी 43
- जिंदगी की बारीकियाँ 47
- I Am a Sacrifice unto Satguru 50
- True Guru Helps Attain Salvation Whereas False One Leaves in the Lurch 55

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। *-ਸੰਪਾਦਕ*




ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਪਾਵਨ 400 ਸਾਲਾ ਪ੍ਰਕਾਸ਼ ਸ਼ਤਾਬਦੀ ਪਿਛਲੇ ਸਾਲ ਮਿਤੀ 1 ਮਈ, 2021 ਨੂੰ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ ਹੈ। ਭਾਵੇਂ ਪਿਛਲੇ ਸਾਲ ਕਰੋਨਾ ਮਹਾਂਮਾਰੀ ਦੇ ਚਲਦਿਆਂ ਇਸ ਸ਼ਤਾਬਦੀ ਨੂੰ ਪੂਰਨ ਸ਼ਾਨੋ ਸ਼ੌਕਤ ਨਾਲ ਮਨਾਉਣਾ ਸੰਭਵ ਨਹੀਂ ਹੋ ਸਕਿਆ ਪਰ ਇਸ ਸ਼ਤਾਬਦੀ ਦੀ ਸਮਾਪਤੀ ਜੋ ਇਸ ਸਾਲ ਹੋਈ, ਸੰਗਤਾਂ ਨੇ ਆਪਣੀ ਵਿੱਤ ਅਨੁਸਾਰ ਬੜੀ ਸ਼ਰਧਾ ਭਾਵਨਾ ਨਾਲ ਇਸ ਸ਼ਤਾਬਦੀ ਨੂੰ ਮਨਾਇਆ।

ਸਤਿਗੁਰੂ ਜੀ ਦੀ ਰਹਿਮਤ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਅਤੇ ਉਨ੍ਹਾਂ ਦੀ ਸੁਯੋਗ ਅਗਵਾਈ ਵਿੱਚ ਬੀਬੀ ਕੌਲਾਂ ਜੀ ਭਲਾਈ ਕੇਂਦਰ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਬੱਚਿਆਂ ਨੂੰ ਵਾਹਿਗੁਰੂ ਗੁਰਮੰਤਰ ਨਾਲ ਜੋੜਨ ਲਈ ਅਤੇ ਇਸ ਦੇ ਅਭਿਆਸ ਲਈ ਲਿਖਣ ਭਗਤੀ ਸਮਾਗਮ ਉਲੀਕਿਆ ਗਿਆ ਸੀ। ਹਜ਼ਾਰਾਂ ਹੀ ਬੱਚਿਆਂ ਨੇ ਦੇਸ਼ਾਂ-ਵਿਦੇਸ਼ਾਂ ਤੋਂ ਇਸ ਪ੍ਰੋਗਰਾਮ ਵਿੱਚ ਬੜੀ ਸ਼ਰਧਾ ਨਾਲ, ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਇਸ ਵਾਸਤੇ ਤਕਰੀਬਨ ਤਿੰਨ-ਚਾਰ ਮਹੀਨੇ ਦਾ ਸਮਾਂ ਵਾਹਿਗੁਰੂ ਸ਼ਬਦ ਲਿਖਣ ਲਈ ਉਮਰ ਮੁਤਾਬਿਕ ਸਿਲੇਬਸ ਬਣਾ ਕੇ ਬੱਚਿਆਂ ਨੂੰ ਦਿੱਤਾ ਗਿਆ। ਜਦੋਂ ਬੱਚਿਆਂ ਤੋਂ ਕਾਪੀਆਂ (ਜਿਨ੍ਹਾਂ ਤੇ ਉਨ੍ਹਾਂ ਨੇ ਵਾਹਿਗੁਰੂ ਗੁਰਮੰਤਰ ਲਿਖਣ ਦਾ ਅਭਿਆਸ ਕੀਤਾ) ਪ੍ਰਾਪਤ ਕੀਤੀਆਂ ਗਈਆਂ ਤਾਂ ਉਹ ਕਾਪੀਆਂ ਦੇਖ ਕੇ ਹੀ ਸੱਚਮੁੱਚ ਹੀ ਬੱਚਿਆਂ ਦੇ ਚਰਨਾਂ ਵਿੱਚ ਸਿਰ ਝੁਕ ਗਿਆ। ਕਿੰਨੀ ਭਾਵਨਾ ਨਾਲ ਬੱਚਿਆਂ ਨੇ ਵਾਹਿਗੁਰੂ ਸ਼ਬਦ ਲਿਖਣ ਦਾ ਅਭਿਆਸ ਕੀਤਾ ਅਤੇ ਇਸ ਲਿਖਣ ਭਗਤੀ ਪ੍ਰੋਗਰਾਮ ਵਿੱਚ ਸਤਿਗੁਰੂ ਜੀ ਨੇ ਤਰਸ ਕਰਕੇ ਕਈ ਨਵੀਆਂ ਚੀਜ਼ਾਂ ਸੰਗਤਾਂ ਸਾਹਮਣੇ ਲਿਆਂਦੀਆਂ। ਪਹਿਲਾਂ, ਇਸ ਪ੍ਰੋਗਰਾਮ ਵਿੱਚ ਕੇਵਲ ਸਿੱਖ ਪਰਿਵਾਰਾਂ ਦੇ ਬੱਚਿਆਂ ਨੇ ਹੀ ਭਾਗ ਨਹੀਂ ਲਿਆ ਬਲਕਿ ਹੋਰ ਧਰਮਾਂ ਦੇ ਬੱਚਿਆਂ ਨੇ ਉਸੇ ਉਤਸ਼ਾਹ ਨਾਲ ਇਸ ਪ੍ਰੋਗਰਾਮ ਵਿੱਚ ਭਾਗ ਲਿਆ। ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲੇ ਬੱਚੇ, ਇਸਲਾਮ ਧਰਮ ਦੇ ਬੱਚੇ, ਈਸਾਈ ਮਤ ਦੇ ਬੱਚੇ ਵੀ ਇਸ ਲਹਿਰ ਦਾ ਹਿੱਸਾ ਬਣੇ। ਦੂਜਾ, ਇਹ ਕਿ ਕਈ ਬੱਚਿਆਂ ਨੇ ਆਪਣੇ ਸਿਲੇਬਸ ਤੋਂ ਵੱਧ ਜਾਪ ਲਿਖਿਆ। ਇੱਥੋਂ ਤੱਕ ਕਿ ਕਈ ਬੱਚਿਆਂ ਨੇ ਲੱਖਾਂ ਦੀ ਗਿਣਤੀ ਵਿੱਚ ਗੁਰਮੰਤਰ ਅਭਿਆਸ ਦੀ ਹਾਜ਼ਰੀ ਲਗਾਈ। ਇਹ ਵੀ ਦੇਖਣ ਵਿੱਚ ਆਇਆ ਕਿ ਬੱਚਿਆਂ ਦੇ ਮਾਤਾ-ਪਿਤਾ ਨੇ ਦੱਸਿਆ ਕਿ ਬੱਚਿਆਂ ਵੱਲੋਂ ਵਾਹਿਗੁਰੂ ਗੁਰਮੰਤਰ ਦਾ ਅਭਿਆਸ ਉਨ੍ਹਾਂ ਦੇ ਜੀਵਨ ਦਾ ਅੰਗ ਹੀ ਬਣ ਕੇ ਰਹਿ ਗਿਆ ਹੈ। ਕਿੰਨੀ ਖੁਸ਼ੀ ਦੀ ਗੱਲ ਹੈ। ਕਿੰਨੇ ਮਾਣ ਵਾਲੀ ਗੱਲ ਹੈ। ਸਤਿਗੁਰੂ ਜੀ ਆਪਣਾ ਤਰਸ ਬਣਾਈ ਰੱਖਣ। ਤੀਜਾ, ਇਹ ਕਿ ਇਸ ਲਹਿਰ ਵਿੱਚ ਕੇਵਲ ਬੱਚਿਆਂ ਨੇ ਹੀ ਭਾਗ ਨਹੀਂ ਲਿਆ ਬਲਕਿ ਕਈ ਬਜ਼ੁਰਗਾਂ ਨੇ ਇਸ ਲਹਿਰ ਵਿੱਚ ਭਾਗ ਲੈਂਦਿਆਂ ਵਾਹਿਗੁਰੂ ਗੁਰਮੰਤਰ ਦੇ ਅਭਿਆਸ ਦੀ ਲਿਖ ਕੇ ਹਾਜ਼ਰੀ ਲਗਾਈ। ਦਿੱਲੀ ਦੇ ਇੱਕ ਬਜ਼ੁਰਗ ਦੀ ਕਾਪੀ ਦੇ ਦਰਸ਼ਨ ਕੀਤੇ ਤੇ ਪਤਾ ਲੱਗਿਆ ਕਿ ਉਹ ਬਜ਼ੁਰਗ ਹਰ ਰੋਜ਼ ਸੱਤ ਘੰਟੇ ਵਾਹਿਗੁਰੂ ਗੁਰਮੰਤਰ ਜਾਪ ਦਾ ਲਿਖ

ਕੇ ਅਭਿਆਸ ਕਰਦੇ ਸਨ ਤੇ ਉਨ੍ਹਾਂ ਨੇ ਕਾਪੀ ਤੇ ਬਕਾਇਦਾ ਹਰ ਰੋਜ਼ ਮਿਤੀ ਤੇ ਸਮਾਂ ਪਾ ਕੇ ਇਹ ਅਭਿਆਸ ਕੀਤਾ। ਚੌਥਾ, ਕਈ ਬੱਚੇ ਇਹੋ ਜਿਹੇ ਵੀ ਦੇਖੇ ਜਿਨ੍ਹਾਂ ਦੀ ਅੱਖਾਂ ਦੀ ਜੋਤ ਨਹੀਂ, ਇਸ ਸੰਸਾਰ ਨੂੰ ਦੇਖ ਨਹੀਂ ਸਕਦੇ ਪਰ ਅੰਦਰ ਚਾਅ ਸੀ ਇਸ ਲਹਿਰ ਦਾ ਹਿੱਸਾ ਬਣਨ ਦੀ ਤੇ ਉਨ੍ਹਾਂ ਬੱਚਿਆਂ ਨੇ ਬਰੇਲ ਲਿਪੀ ਵਿੱਚ ਵਾਹਿਗੁਰੂ ਗੁਰਮੰਤਰ ਦੇ ਅਭਿਆਸ ਦੀ ਲਿਖ ਕੇ ਹਾਜ਼ਰੀ ਲਗਾਈ। ਇਹੋ ਜਿਹੇ ਬੱਚਿਆਂ ਦੇ ਵੀ ਦਰਸ਼ਨ ਹੋਏ ਜਿਹੜੇ ਨਾ ਸੁਣ ਸਕਦੇ ਹਨ, ਨਾ ਬੋਲ ਸਕਦੇ ਹਨ ਤੇ ਉਨ੍ਹਾਂ ਦੇ ਮਾਤਾ ਪਿਤਾ ਨੇ ਦੱਸਿਆ ਕਿ ਇਹ ਬੱਚੇ ਸਾਰਾ ਦਿਨ ਕਾਪੀ ਤੇ ਵਾਹਿਗੁਰੂ ਗੁਰਮੰਤਰ ਜਾਪ ਹੀ ਲਿਖਦੇ ਰਹਿੰਦੇ ਹਨ ਤੇ ਇੱਕ ਮਹੀਨੇ ਵਿੱਚ ਹੀ ਲੱਖਾਂ ਵਾਰੀ ਵਾਹਿਗੁਰੂ ਜਾਪ ਲਿਖ ਕੇ ਹਾਜ਼ਰੀ ਲਗਾ ਲੈਂਦੇ ਹਨ। ਪੰਜਵਾਂ, ਬੱਚਿਆਂ ਅੰਦਰ ਕਿਵੇਂ ਦਾ ਵਲਵਲਾ ਹੋਵੇਗਾ ਕਿ ਇਹ ਹਾਜ਼ਰੀ ਲਗਾਉਂਦਿਆਂ ਬੱਚਿਆਂ ਦੇ ਦਿਮਾਗ ਦੀ ਸੋਚ ਕਿੱਥੇ ਤੱਕ ਗਈ। ਆਪਣੀ ਸਮਝ ਮੁਤਾਬਿਕ ਜਿਵੇਂ-ਜਿਵੇਂ ਸਤਿਗੁਰੂ ਜੀ ਨੇ ਤਰਸ ਕੀਤਾ, ਬੱਚਿਆਂ ਨੇ ਕਾਪੀਆਂ ਤੇ ਵਾਹਿਗੁਰੂ ਗੁਰਮੰਤਰ ਦਾ ਅਭਿਆਸ ਬੜੇ ਦਿਲਕਸ਼ ਅੰਦਾਜ਼ ਵਿੱਚ ਕੀਤਾ। ਕਈ ਬੱਚਿਆਂ ਨੇ ਵੱਖ-ਵੱਖ ਰੰਗਾਂ ਵਿੱਚ, ਕਈ ਬੱਚਿਆਂ ਨੇ ਵੱਖ-ਵੱਖ ਡਿਜ਼ਾਈਨਾਂ ਵਿੱਚ, ਕਈ ਬੱਚਿਆਂ ਨੇ ਕਣਕ ਤੇ ਜੌਂ ਦੇ ਦਾਣਿਆਂ ਨਾਲ ਵਾਹਿਗੁਰੂ ਗੁਰਮੰਤਰ ਨੂੰ ਸਜਾ-ਸਜਾ ਕੇ ਲਿਖਿਆ। ਔਰ ਇਹ ਸਾਰੀ ਸੇਵਾ ਨਿਭਾਉਂਦਿਆਂ ਬੱਚਿਆਂ ਨੂੰ ਬੈਗ ਜਾਂ ਪਾਣੀ ਦੀਆਂ ਬੋਤਲਾਂ ਪਿਆਰ ਤੇ ਸਤਿਕਾਰ ਵਿੱਚ ਦਿੱਤੀਆਂ ਗਈਆਂ ਤੇ ਨਾਲ ਇੱਕ ਇੱਕ ਕੂਪਨ ਦਿੱਤਾ ਗਿਆ। ਇਨ੍ਹਾਂ ਕੂਪਨਾਂ ਵਿੱਚੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪਾਵਨ 400 ਸਾਲਾ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ 400 ਵੱਡੇ ਇਨਾਮ ਕੱਢੇ ਗਏ। ਇਹ ਸਤਿਕਾਰ, ਇਹ ਇਨਾਮ ਇਸ ਪਾਵਨ ਅਭਿਆਸ ਦੀ ਕੋਈ ਕੀਮਤ ਨਹੀਂ, ਸਿਰਫ ਬੱਚਿਆਂ ਨੂੰ ਜੋੜਨ ਦਾ, ਬੱਚਿਆਂ ਨੂੰ ਉਤਸ਼ਾਹਿਤ ਕਰਨ ਦਾ ਇੱਕ ਸਾਧਨ ਮਾਤਰ ਹੈ ਪਰ ਇਸ ਅਭਿਆਸ ਵਿੱਚ ਬੱਚਿਆਂ ਦੇ ਨੇਤਰ ਵੀ ਸਫਲ ਹੋਏ, ਬੱਚਿਆਂ ਦੇ ਹੱਥ ਵੀ ਸਫਲ ਹੋਏ, ਬੱਚਿਆਂ ਦੀ ਰਸਨਾ ਵੀ ਸਫਲੀ ਹੋਈ ਕਿਉਂਕਿ ਬੱਚਿਆਂ ਨੇ ਕਾਪੀ ਤੇ ਅਭਿਆਸ ਕਰਦਿਆਂ ਨਾਲ-ਨਾਲ ਵਾਹਿਗੁਰੂ ਗੁਰਮੰਤਰ ਦਾ ਉਚਾਰਨ ਕੀਤਾ, ਕੰਨ ਵੀ ਸਫਲ ਹੋਏ ਤੇ ਸਮਾਂ ਵੀ ਸਫਲਾ ਹੋਇਆ। ਹੋ ਸਕਦਾ ਹੈ ਕਿ ਇਸ ਅਭਿਆਸ ਨਾਲ ਬੱਚਿਆਂ ਦੀ ਸੁਰਤ ਵੀ ਟਿਕ ਗਈ ਹੋਵੇ। ਸਤਿਗੁਰੂ ਜੀ ਤਰਸ ਕਰਨ, ਮਿਹਰ ਕਰਨ ਇਸ ਤਰ੍ਹਾਂ ਦੇ ਉਪਰਾਲੇ ਆਪਣੀ ਰਹਿਮਤ ਨਾਲ ਕਰਵਾਉਂਦੇ ਰਹਿਣ ਤਾਂ ਕਿ ਇਸ ਕਲਯੁੱਗ ਦੇ ਦੌਰ ਵਿੱਚ ਜਿਵੇਂ ਮੋਬਾਇਲਾਂ ਤੇ ਵਾਸ਼ਨਾ ਤੇ ਫੈਸ਼ਨਾਂ ਦਾ ਵੱਡੀ ਪੱਧਰ ਤੇ ਗੰਦ ਪਰੋਸਿਆ ਜਾ ਰਿਹਾ ਹੈ, ਇਹ ਅੰਮ੍ਰਿਤਮਈ ਉਪਰਾਲੇ ਬੱਚਿਆਂ ਦਾ ਮੂੰਹ ਇਨ੍ਹਾਂ ਤੋਂ ਮੋੜ ਕੇ ਗੁਰਮਤਿ ਆਸ਼ੇ ਨਾਲ ਜੋੜ ਸਕਣ। ਇਹੀ ਸਮੇਂ ਦੀ ਲੋੜ ਵੀ ਹੈ ਤੇ ਹਰ ਮਾਤਾ-ਪਿਤਾ ਦਾ ਫਰਜ਼ ਵੀ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਇੱਕੀਵਾਂ ਭਾਗ- ਧੰਨ ਧੰਨ ਮਾਤਾ ਭਾਗ ਭਰੀ ਜੀ

## ਮਾਤਾ ਭਾਗ ਭਰੀ ਜੀ ਕਿਸ ਨੂੰ ਯਾਦ ਕਰ ਰਹੇ ਸਨ ਜੋ ਕਾਲ ਤੋਂ ਵੀ ਉੱਪਰ ਹੈ?

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਇੱਕੀਵਾਂ ਭਾਗ- ਧੰਨ ਧੰਨ ਮਾਤਾ ਭਾਗ ਭਰੀ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

***—ਸੰਪਾਦਕ***

***ਮ: ੧॥***

***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥***
***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥***
***ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥***

*(ਅੰਗ ੪੭੩)*

ਸੂਰਜ ਰਵ੍ਹੇ ਨਾ ਰਵ੍ਹੇ, ਚੰਦਰਮਾ ਰਵ੍ਹੇ ਨਾ ਰਵ੍ਹੇ, ਅਸੀਂ ਰਹੀਏ ਨਾ ਰਹੀਏ, ਕੋਈ ਹੋਰ ਦੁਨੀਆਂ ਰਵ੍ਹੇ ਨਾ ਰਵ੍ਹੇ ਪਰ ਸਾਰੀ ਸੰਗਤ ਜੁੱਗੋ ਜੁੱਗ ਅਟੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਦਾ-ਸਦਾ ਰਹਿਣ ਵਾਲੇ ਦਾਤੇ ਦੇ ਪਿਆਰ ਸਤਿਕਾਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ।

***ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥***

*(ਅੰਗ ੭੫੯)*

ਕੋਈ ਆਖੇ ਵਰਕੇ ਹਨ, ਕੋਈ ਆਖੇ ਸਿਆਹੀ ਹੈ, ਕੋਈ ਆਖੇ ਜਿਲਦ ਹੈ, ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ, ਮੇਰੀ ਜ਼ਬਾਨ ਸੜ ਜਾਵੇ, ਜੇ ਮੈਂ ਇਹ ਆਖਾਂ। ਕਹਿੰਦੇ ਸਨ, ਕੋਈ ਮੇਰੇ ਕੋਲੋਂ ਪੁੱਛੇ, ਇੱਕ-ਇੱਕ ਅੱਖਰ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਨੇਤਰ ਹੈ। ਇਹੋ ਜਿਹਾ ਪਿਆਰ ਕਿਤੇ ਸਾਡੇ ਮਨਾਂ ਅੰਦਰ ਵੀ ਆ ਜਾਵੇ ਤਾਂ ਕਿ ਜੀਵਨ ਸਫਲ ਹੋ ਜਾਵੇ। ਇਸ ਵਾਰ ਇੱਕੀਵੇਂ ਭਾਗ ਦੀ ਵਾਰੀ ਹੈ।

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ

ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ, ਉਨ੍ਹੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਅਮਰੋ ਜੀ ਤੇ ਵੀਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਨਾਨਕੀ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਇੱਕੀਵੇਂ ਭਾਗ ਵਿੱਚ ਕਿਸ ਬੀਬੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ? ਕਸ਼ਮੀਰ ਸ੍ਰੀ ਨਗਰ ਦੇ ਰਹਿਣ ਵਾਲੇ ਮਾਤਾ ਜੀ :

***ਧੰਨ ਧੰਨ ਮਾਤਾ ਭਾਗ ਭਰੀ ਜੀ।***

ਦਾਸ ਬੇਨਤੀ ਕਰਦਾ ਹੈ ਕਿ ਕਮਾਲ ਦਾ ਹੀ ਨੇਮ ਹੈ, ਕਮਾਲ ਦਾ ਹੀ ਪ੍ਰੇਮ ਹੈ। ਮਾਂ-ਬਾਪ ਬਣ ਕੇ ਸੰਗਤ ਜੀ ਸਿਰ ਤੇ ਹੱਥ ਰੱਖਣਾ, ਸੇਵਾ ਲੈਣੀ। ਇੱਕ ਵਾਰ ਪੰਕਤੀ ਪੜ੍ਹੋ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***
***(ਅੰਗ ੪੭੩)***

ਇਹ ਮਾਤਾ ਭਾਗ ਭਰੀ ਜੀ, ਇਨ੍ਹਾਂ ਦਾ ਪੁੱਤਰ ਬ੍ਰਾਹਮਣ ਹੈ, ਸੇਵਾ ਦਾਸ ਨਾਂ ਆਇਆ ਹੈ। ਤੀਰਥਾਂ ਤੇ ਯਾਤਰਾ ਗਿਆ ਹੈ। ਜਿਵੇਂ ਹੁਣ ਬੋਲਿਆ ਹੈ, ਉਸ ਨੇ ਬਿੱਧ ਬਣਾਉਣੀ ਹੋਵੇ ਤੇ ਕਿਵੇਂ ਵੀ ਬਣਾ ਦਿੰਦਾ ਹੈ।

ਇਹ ਰੋਜ਼ ਅਰਦਾਸ ਕਰਿਆ ਕਰੋ। ਜਿਹੜੀ ਚੀਜ਼ ਲਈ ਮੈਂ ਜਨਮ ਪਾਇਆ ਹੈ, ਇਹ ਸੰਗਤ ਵਿੱਚੋਂ ਬਿੱਧ ਬਣਾ ਦੇ, ਕੋਈ ਸੀ.ਡੀ. ਸੁਣ ਕੇ ਬਿੱਧ ਬਣਾ ਦੇ, ਵੈਸੇ ਕਿਤੇ ਕੰਮ ਗਏ ਹੋ ਤੇ ਉੱਥੇ ਦੋ ਮਿੰਟ ਦੀ ਕਿਸੇ ਨਾਲ ਸੰਗਤ ਹੋ ਗਈ ਹੈ, ਉਸ ਨੇ ਨਕਸ਼ਾ ਸਾਹਮਣੇ ਲੈ ਆਉਂਦਾ। ਤੂੰ ਸਮਝਦਾ ਹੈਂ ਕਿ ਮੈਂ ਡਬਲ ਐਮ.ਏ. ਵਿੱਚ ਹਾਂ ਪਰ ਤੂੰ ਤਾਂ ਅਜੇ ਕੱਚੀ ਵਿੱਚ ਵੀ ਦਾਖਲ ਨਹੀਂ ਹੋਇਆ, ਤੂੰ ਨਿੰਦਕ ਹੈਂ। ਕਈ ਵਾਰ ਬੰਦਾ ਸਮਝਦਾ ਹੈ ਕਿ ਮੈਂ ਡਬਲ ਐਮ.ਏ. ਵਿੱਚ ਆ ਗਿਆ ਹਾਂ। ਇਹੋ ਜਿਹੀ ਰੱਬ ਸੰਗਤ ਕਰਵਾਉਂਦਾ ਹੈ, ਦੋ ਮਿੰਟ, ਉਦੋਂ ਪਤਾ ਲੱਗਦਾ ਹੈ ਕਿ ਮੇਰੀ ਜ਼ਿੰਦਗੀ ਵਿੱਚੋਂ ਤਾਂ ਅਜੇ ਤਮਾਸ਼ਬੀਨੀ ਹੀ ਨਹੀਂ ਗਈ, ਲੋਕ ਮੈਨੂੰ ਕੀਰਤਨੀਆ ਕਹਿੰਦੇ ਹਨ, ਇਹ ਉਹ ਬਿੱਧ ਬਣਾਉਂਦਾ ਹੈ, ਮਨ ਵਿੱਚ ਹੀ ਆਪਣੇ ਆਪ ਬੰਦਾ ਫੈਸਲੇ ਲੈ ਲੈਂਦਾ ਹੈ, ਅੱਜ ਤੋਂ ਬਾਅਦ ਇਹ ਸੁਆਦ ਨਹੀਂ ਲੈਣੇ। ਅੱਜ ਤੋਂ ਬਾਅਦ ਤਮਾਸ਼ਬੀਨੀ ਨਹੀਂ ਕਰਨੀ, ਉਹ ਘੜੀ ਭਾਗਾਂ ਵਾਲੀ ਹੁੰਦੀ ਹੈ ਜਿਹੜੀ ਦੋ ਮਿੰਟ ਕਿਸੇ ਦਾ ਸੰਗ ਕਰਵਾ ਕੇ ਸਾਡਾ ਔਗੁਣ ਕੱਢ ਦੇਵੇ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਇਹ ਸੇਵਾ ਦਾਸ ਤੀਰਥਾਂ ਤੇ ਯਾਤਰਾ ਗਿਆ ਤੇ ਉਸ ਨੇ ਬਿੱਧ ਬਣਾ ਦਿੱਤੀ, ਇੱਕ ਸਿੱਖ ਜਿਸ ਨੇ ਸ਼ਸ਼ਤਰ ਪਾਏ ਹਨ ਤੇ ਸਿਮਰਨ ਵਿੱਚ ਜੁੜਿਆ ਪਿਆ ਹੈ। ਭਾਈ ਵੀਰ ਸਿੰਘ ਜੀ ਨੇ ਲਫਜ਼ ਲਿਖੇ ਹਨ, ਸਿਪਾਹੀ। ਇਹ ਸੇਵਾ ਦਾਸ ਬ੍ਰਾਹਮਣ ਸ਼ਸ਼ਤਰ ਵੇਖ ਕੇ ਕਹਿੰਦਾ ਹੈ, ਸ਼ਸ਼ਤਰ ਤੇ ਸਿਪਾਹੀ ਪਾਉਂਦੇ ਹਨ ਤੇ ਸਿਪਾਹੀ ਨਾਮ ਜਪਦਾ ਪਿਆ ਹੈ। ਇਹ ਨੇਤਰ ਖੋਲ੍ਹੇਗਾ ਤੇ ਫਿਰ ਪੁੱਛਾਂਗਾ। ਜਦੋਂ ਉਸ ਸਿੱਖ ਦੇ ਨੇਤਰ ਖੁੱਲ੍ਹੇ, ਇਸ ਨੇ ਪੁੱਛਿਆ ਕੀ ਤੂੰ ਗ੍ਰਹਿਸਥੀ

ਹੈਂ? ਉਸ ਨੇ ਕਿਹਾ ਕਿ ਹਾਂ। ਉਸ ਨੇ ਕਿਹਾ ਕਿ ਜਿਵੇਂ ਤੂੰ ਅੱਖਾਂ ਬੰਦ ਕਰਕੇ ਸਿਮਰਨ ਵਿੱਚ ਜੁੜਿਆ ਸੀ, ਸਾਡੇ ਬ੍ਰਾਹਮਣ ਧਰਮ ਵਿੱਚ ਇਸ ਨੂੰ ਕਹਿੰਦੇ ਹਨ, ਜੋਗ ਕਮਾਉਣਾ। ਸ਼ਸ਼ਤਰਾਂ ਵਾਲਾ ਗ੍ਰਹਿਸਥੀ, ਉਹ ਤਾਂ ਜੋਗ ਕਮਾ ਹੀ ਨਹੀਂ ਸਕਦਾ, ਤੂੰ ਕਿਵੇਂ ਜੋਗ ਕਮਾ ਰਿਹਾ ਹੈਂ ਤੇ ਅੱਗੋਂ ਰੰਗਿਆ ਹੋਇਆ ਸਿੱਖ ਸੇਵਾ ਦਾਸ ਨੂੰ ਜਵਾਬ ਦਿੰਦਾ ਹੈ, ਉਹ ਜੋਗ ਹੀ ਕਾਹਦਾ ਜਿਹੜਾ ਹਰ ਕੋਈ ਕਮਾ ਹੀ ਨਾ ਸਕੇ। ਪੁਰਖਾ! ਮੈਨੂੰ ਉਹ ਗੁਰੂ ਮਿਲਿਆ ਹੈ ਜਿਸ ਨੇ ਮੈਨੂੰ ਸ਼ਸ਼ਤਰ ਪਹਿਨ ਕੇ ਵੀ ਤੇ ਗ੍ਰਹਿਸਥੀ ਵਿੱਚ ਰਹਿੰਦਿਆਂ ਵੀ ਜੋਗ ਕਮਾਉਣ ਦਾ ਰਸਤਾ ਦਿੱਤਾ ਹੈ। ਫਿਰ ਸੇਵਾ ਦਾਸ ਨੇ ਪੁੱਛਿਆ, ਉਸ ਗੁਰੂ ਦੇ ਦਰਸ਼ਨ ਕਿੱਥੇ ਹੋਣਗੇ? ਉਹ ਗੁਰੂ ਕਿਹੜਾ ਹੈ ਜਿਹੜਾ ਗ੍ਰਹਿਸਥੀ ਵਿੱਚ ਜੋਗ ਕਮਾਉਣ ਦਾ ਰੰਗ ਲਗਾ ਦਿੰਦਾ ਹੈ ਤੇ ਫਿਰ ਉਸ ਸਿੱਖ ਨੇ ਆਖਿਆ, ਉਸ ਗੁਰੂ ਦੇ ਦਰਸ਼ਨ ਹੋਣਗੇ, ਸ੍ਰੀ ਅੰਮ੍ਰਿਤਸਰ ਸਾਹਿਬ। ਇਹ ਮਾਤਾ ਭਾਗ ਭਰੀ ਜੀ ਦੀ ਗੱਲ ਸੁਣਾਉਣ ਲਈ ਚੱਲਣਾ ਉੱਥੋਂ ਪੈਂਦਾ ਹੈ। ਫਿਰ ਸੇਵਾ ਦਾਸ ਸ੍ਰੀ ਅੰਮ੍ਰਿਤਸਰ ਸਾਹਿਬ ਆਇਆ ਹੈ, ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਕਿ ਮੈਂ ਵੀ ਉਸ ਗੁਰੂ ਦੇ ਦੀਦਾਰੇ ਕਰਾਂ ਕਿ ਜਿਹੜਾ ਗ੍ਰਹਿਸਥੀ ਵਿੱਚ ਜੋਗ ਕਮਾਉਣ ਦੀ ਬਖਸ਼ਿਸ਼ ਕਰਦਾ ਹੈ, ਰਹਿਮਤ ਕਰਦਾ ਹੈ। ਇੱਕ ਮਿੰਟ ਹਾਜ਼ਰੀ ਲਗਾਇਓ :

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥*

*(ਅੰਗ ੨੮੪)*

*ਚਾਰਿ ਪਦਾਰਥ ਕਮਲ ਪ੍ਰਗਾਸ ॥*
*ਸਭ ਕੈ ਮਧਿ ਸਗਲ ਤੇ ਉਦਾਸ ॥*

*(ਅੰਗ ੨੯੬)*

ਇਹ ਐਸਾ ਗੁਰੂ ਹੈ, ਇਹ ਨਹੀਂ ਕਹਿੰਦੇ, ਬੱਚੇ ਛੱਡ ਦੇ, ਇਹ ਨਹੀਂ ਕਹਿੰਦੇ, ਪਰਿਵਾਰ ਛੱਡ ਦੇ। ਦਾਸ ਤਾਂ ਸਟੇਜ ਤੋਂ ਬੇਨਤੀ ਕਰਦਾ ਹੈ, ਇਹ ਐਸਾ ਗੁਰੂ ਹੈ, ਤਿਆਗੀਆਂ ਨੂੰ ਵੀ ਤਾਰਦਾ ਹੈ, ਗ੍ਰਹਿਸਥੀਆਂ ਨੂੰ ਵੀ ਤਾਰਦਾ ਹੈ। ਇਹ ਸੇਵਾ ਦਾਸ ਅੰਮ੍ਰਿਤਸਰ ਆਇਆ ਹੈ, ਮਾਤਾ ਭਾਗ ਭਰੀ ਜੀ ਦਾ ਬੇਟਾ, ਪੁੱਤਰ ਸੇਵਾ ਦਾਸ। ਇੱਥੇ ਆਇਆ ਹੈ ਤੇ ਪੁੱਛਿਆ, ਸਤਿਗੁਰੂ ਜੀ ਕਿੱਥੇ ਹਨ? ਮਹਾਰਾਜ ਜੀ ਕਿਸੇ ਪਿੰਡ ਵਿੱਚ ਗਏ ਸੀ, ਲਿਖਿਆ ਹੈ। ਇੱਥੇ ਹੈ ਨਹੀਂ ਸੀ। ਉਡੀਕ ਕਰਨ ਲੱਗਾ ਪਿਆ। ਗਾਹਕ ਬਣ ਕੇ ਆਇਆ ਸੀ। ਇੰਨੀ ਉਮਰ ਬੀਤ ਗਈ ਹੈ, ਕਿੰਨੇ ਸਾਲ ਤੀਰਥਾਂ ਤੇ ਜਾਂਦਿਆਂ ਹੋ ਗਏ ਹਨ, ਉਹ ਕਿਰਪਾ ਹੋ ਜਾਵੇ। ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੂੰ ਉਡੀਕ ਰਿਹਾ ਹੈ। ਧਿਆਨ ਦੇਣਾ। ਛੇਵੇਂ ਪਾਤਸ਼ਾਹ ਜੀ ਆਏ। ਮਹਾਰਾਜ ਜੀ ਦਾ ਕੱਦ-ਕਾਠ, ਦਰਸ਼ਨ, ਖਿੱਚ ਬੜੀ ਜ਼ਬਰਦਸਤ ਸੀ। ਮਹਾਰਾਜ ਜੀ ਸਾਹਮਣੇ ਆਏ। ਦਰਸ਼ਨ ਕਰਦਿਆਂ ਹੀ ਇਸ ਦੇ ਸਾਰੇ ਫੁਰਨੇ ਖਤਮ ਹੋ ਗਏ ਤੇ ਬੇਵੱਸ ਹੋ ਕੇ ਚਰਨਾਂ ਉੱਤੇ ਡਿੱਗ ਪਿਆ। ਦਰਸ਼ਨ ਕਰਕੇ ਨਿਹਾਲ ਹੋ ਗਿਆ, ਸਾਰੇ ਫੁਰਨੇ ਬੇਵੱਸ ਹੋ ਗਏ ਤੇ ਚਰਨਾਂ ਤੇ ਡਿੱਗ ਪਿਆ। ਢਹਿ ਪਿਆ।

ਗੱਲ ਥੋੜ੍ਹੀ ਬਰੀਕ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਜਦੋਂ ਛੇਵੇਂ ਪਾਤਸ਼ਾਹ ਜੀ ਦੇ ਸੇਵਾ ਦਾਸ ਨੇ ਦਰਸ਼ਨ ਕੀਤੇ, ਬੇਵੱਸ ਹੋ ਕੇ ਤੇ ਜਦੋਂ ਚਰਨਾਂ ਤੇ ਢਹਿ ਪਿਆ ਤੇ ਇਸ ਨੂੰ ਇੰਝ ਲੱਗਾ, ਜਿਸ ਦੇ ਦਰਸ਼ਨ ਕੀਤੇ ਹਨ, ਉਹ ਅੰਦਰ ਹੀ ਬਿਰਾਜ ਗਿਆ ਹੈ। ਇਹ ਬੜੀ ਵੱਡੀ ਗੱਲ ਹੈ। ਮਾਤਾ ਜੀਤੋ ਜੀ ਦਾ ਇਤਿਹਾਸ ਆਪ ਜੀ ਨੇ ਪੜ੍ਹਿਆ ਜਾਂ ਸੁਣਿਆ ਹੀ ਹੋਏਗਾ, ਸਿਹਰਾ ਪਾਉਂਦੇ ਸੀ ਗੁਰੂ ਕਲਗੀਧਰ ਪਿਤਾ ਜੀ ਨੂੰ। ਚਰਨਾਂ ਤੇ ਸਿਰ ਰੱਖ ਕੇ ਮੱਥਾ ਟੇਕਦੇ ਸੀ, ਮਾਤਾ ਜੀਤੋ ਜੀ। ਜਦੋਂ

ਦੀਵਾਨ ਵਿੱਚ ਭੇਜਦੇ ਸੀ ਤੇ ਚਾਰ ਵਜੇ ਤੇ ਸੂਰਜ ਚੜ੍ਹਨ ਤੱਕ ਫਿਰ ਉਹ ਸਰੂਪ ਹਿਰਦੇ ਵਿੱਚ ਵਸਾ ਕੇ ਤੇ ਧਿਆਨ ਵਿੱਚ ਬੈਠਦੇ ਸੀ। ਬੜੀ ਵੱਡੀ ਗੱਲ ਹੈ। ਦਰਸ਼ਨ ਕਰਦਿਆਂ ਸੇਵਾ ਦਾਸ ਚਰਨਾਂ ਤੇ ਢਹਿ ਪਿਆ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਇੰਝ ਅਵਸਥਾ ਬਣ ਗਈ ਕਿ ਜਿਸ ਦੇ ਦਰਸ਼ਨ ਕੀਤੇ ਹਨ, ਇੰਝ ਲੱਗਾ ਕਿ ਜਿਵੇਂ ਅੰਦਰ ਹੀ ਬਿਰਾਜ ਗਏ ਹਨ। ਅੰਦਰ ਹੀ ਬੈਠ ਗਏ ਹਨ।

***ਧੰਨ ਤੇਰੇ ਪਿਆਰੇ ਛੇਵੇਂ ਪਾਤਸ਼ਾਹ***
***ਮੇਰੀ ਵਾਰੀ ਕਦੋਂ ਆਏਗੀ।***
***ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥***
***ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥੧॥***
*(ਅੰਗ ੬੮੦)*

ਇਹ ਪੰਕਤੀਆਂ ਤਾਂ ਬੋਲੀਆਂ ਹਨ, ਪੁਕਾਰਾਂ ਕਰੋ ਮੇਰੇ ਅੰਦਰ ਕਦੋਂ ਬੈਠੋਗੇ ਛੇਵੇਂ ਪਾਤਸ਼ਾਹ ਜੀ। ਸੇਵਾ ਦਾਸ ਦੇ ਅੰਦਰ ਇੱਕ ਛਿਨ ਵਿੱਚ ਹੀ ਬੈਠ ਗਏ ਹੋ।

***ਧੰਨ ਤੇਰੇ ਪਿਆਰੇ ਛੇਵੇਂ ਪਾਤਸ਼ਾਹ***
***ਮੇਰੀ ਵਾਰੀ ਕਦੋਂ ਆਏਗੀ।***

———————————

***ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥***
*(ਅੰਗ ੭੧੨)*

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਬੇਵੱਸ ਹੋ ਕੇ ਜਦੋਂ ਢਹਿ ਪਿਆ ਤੇ ਇੰਝ ਲੱਗਾ, ਜਿਸ ਦੇ ਦਰਸ਼ਨ ਕੀਤੇ ਹਨ, ਉਹ ਅੰਦਰ ਹੀ ਬੈਠ ਗਿਆ ਹੈ, ਹਿਰਦੇ ਤੇ ਹੀ ਬੈਠ ਗਿਆ ਹੈ। ਛੇਵੇਂ ਪਾਤਸ਼ਾਹ ਜੀ ਨੇ ਇੰਝ ਸਰੀਰ ਤੇ ਪਿਆਰ ਦਿੱਤਾ ਤੇ ਜਦੋਂ ਪਿਆਰ ਦਿੱਤਾ ਤੇ ਬਉਰਾ ਹੀ ਹੋ ਗਿਆ। ਪਿਆਰ ਵਿੱਚ ਆ ਗਿਆ। ਹੁਣ ਧਿਆਨ ਦੇਣਾ। ਉਸ ਦੀ ਸੱਚਾਈ ਵੇਖ ਕੇ ਇੱਧਰ ਪਿਤਾ ਜੀ ਵੀ ਦਿਆਲੂ ਹੋ ਗਏ। ਸਿਰ ਤੇ ਪਿਆਰ ਦਿੱਤਾ। ਹੁਣ ਜਿਹੜੇ ਲਫਜ਼ ਭਾਈ ਵੀਰ ਸਿੰਘ ਜੀ ਨੇ ਲਿਖੇ ਹਨ, ਦਾਸ ਬੋਲਣ ਲੱਗਾ ਹੈ। ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਰਸਨਾ ਤੋਂ ਬਚਨ ਕਹੇ। ਇਹ ਸੇਵਾ ਦਾਸ ਨੂੰ ਬਚਨ ਕਹੇ :

***ਨਿਹਾਲ ਪਿਆਰਿਆ ਨਿਹਾਲ।***

ਮਹਾਰਾਜ ਜੀ ਨੇ ਸਿਰ ਤੇ ਹੱਥ ਰੱਖਿਆ ਤੇ ਆਖਿਆ :

***ਨਿਹਾਲ ਪਿਆਰਿਆ ਨਿਹਾਲ।***

ਤੇ ਅਗਲੇ ਲਫਜ਼ ਕਹੇ ਕਿ ਸਾਵਧਾਨ ਹੋ ਤੇ ਕਹੋ :

***ਵਾਹਿਗੁਰੂ ॥***

ਉਨ੍ਹਾਂ ਕੋਲ ਸਾਰੀ ਤਾਕਤ ਹੈ। ਸਾਵਧਾਨ ਹੋ ਤੇ ਕਹੋ ਵਾਹਿਗੁਰੂ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਮਹਾਰਾਜ ਨੇ ਸਿਰ ਤੇ ਹੱਥ ਰੱਖ ਕੇ ਕਿਹਾ ਕਿ ਨਿਹਾਲ ਪਿਆਰਿਆ ਨਿਹਾਲ। ਸਾਵਧਾਨ ਹੋ ਕੇ ਕਹੋ ਵਾਹਿਗੁਰੂ ਤੇ ਲੂੰ-ਲੂੰ ਵਿੱਚ ਵਾਹਿਗੁਰੂ ਚੱਲ ਪਿਆ। ਲੂੰ-ਲੂੰ ਵਿੱਚ ਚੱਲ ਪਿਆ। ਜੋ ਦੇਣਾ ਸੀ, ਦੇ ਦਿੱਤਾ। ਆਗਿਆ ਲਈ ਤੇ ਸੇਵਾ ਦਾਸ ਉੱਥੋਂ ਚੱਲ ਪਿਆ ਤੇ ਕੁਝ ਕੁ ਦਿਨਾਂ ਵਿੱਚ ਸ੍ਰੀ ਨਗਰ ਪਹੁੰਚ ਗਿਆ ਜਿੱਥੇ ਉਸ ਦੀ ਰਿਹਾਇਸ਼ ਸੀ। ਬੋਲਿਆ ਨਹੀਂ ਜਾ ਰਿਹਾ। ਲੂੰ-ਲੂੰ ਵਿੱਚ ਵਾਹਿਗੁਰੂ ਹੈ। ਜ਼ਰਾ ਧਿਆਨ ਦੇਣਾ। ਇਹ ਮਾਂ ਭਾਗ ਭਰੀ ਕਹਿੰਦੀ ਹੈ, ਇਹ ਜਦੋਂ ਦਾ ਤੀਰਥ ਯਾਤਰਾ ਤੋਂ ਆਇਆ ਹੈ, ਬੋਲ ਕਿਉਂ ਨਹੀਂ ਰਿਹਾ। ਇੰਨਾ ਉਦਾਸ ਕਿਉਂ ਹੈ? ਮਾਤਾ ਭਾਗ ਭਰੀ ਪੁੱਛਦੀ ਹੈ, ਸੇਵਾ ਦਾਸ ਨੂੰ ਕਿ ਇੰਨਾ ਉਦਾਸ ਕਿਉਂ ਹੈਂ ਤੇ ਅੱਗੋਂ ਕਹਿੰਦਾ ਹੈ, ਮਾਂ ਮੈਨੂੰ ਉੱਤਮ ਚੀਜ਼ ਲੱਭ ਪਈ ਹੈ। ਮਾਂ ਕਹਿੰਦੀ ਹੈ, ਜੇ ਕੋਈ ਉੱਤਮ ਚੀਜ਼ ਲੱਭੇ ਤੇ ਖੁਸ਼ ਹੋਈਦਾ ਹੈ ਤੇ ਤੂੰ ਉਦਾਸ ਕਿਉਂ ਹੈ? ਉੱਤਮ ਚੀਜ਼ ਲੱਭੇ ਤੇ ਖੁਸ਼ ਹੋਈਦਾ ਹੈ ਤੇ ਅੱਗੋਂ ਸੇਵਾ ਦਾਸ ਕਹਿੰਦਾ ਹੈ, ਮਾਂ ਮੈਂ ਉਦਾਸ ਤਾਂ ਹਾਂ ਕਿ ਇੰਨੀ

ਉੱਤਮ ਚੀਜ਼ ਲੇਟ ਕਿਉਂ ਲੱਭੀ ਹੈ। ਇੰਨੀ ਉਮਰ ਅਜਾਇਆਂ ਕਿਉਂ ਚੱਲੀ ਗਈ ਹੈ, ਉਹ ਉੱਤਮ ਚੀਜ਼ ਕਿਹੜੀ ਸੀ?

***ਵਾਹਿਗੁਰੂ ॥ ਵਾਹਿਗੁਰੂ ॥ ਵਾਹਿਗੁਰੂ ॥ ਵਾਹਿਗੁਰੂ ॥***

ਮਹਾਂਪੁਰਸ਼ਾਂ ਦਾ ਬਚਨ ਹੈ। ਜਿਹੜੇ ਵਾਹਿਗੁਰੂ ਜਪਣਗੇ, ਉਹ ਵੀ ਪਛਤਾਉਣਗੇ, ਜਿਹੜੇ ਵਾਹਿਗੁਰੂ ਨਹੀਂ ਜਪਣਗੇ, ਉਹ ਵੀ ਪਛਤਾਉਣਗੇ। ਕਿਸੇ ਨੇ ਕਿਹਾ, ਬਾਬਾ ਜੀ, ਇਹ ਕਿਉਂ? ਜਿਹੜੇ ਨਹੀਂ ਜਪਣਗੇ, ਉਹ ਤਾਂ ਪਛਤਾਉਣਗੇ। ਜਿਹੜੇ ਜਪਣਗੇ, ਉਹ ਕਿਉਂ? ਮਹਾਂਪੁਰਸ਼ ਕਹਿੰਦੇ, ਜਿਹੜੇ ਨਹੀ ਜਪਣਗੇ, ਉਹ ਪਛਤਾਉਣਗੇ। ਜਦੋਂ ਦਰਗਾਹ ਵਿੱਚ ਦੁੱਖ ਮਿਲਦੇ ਹਨ:

***ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥***

*(ਅੰਗ ੮੩੦)*

ਉਹ ਪਛਤਾਉਣਗੇ ਕਿ ਕਿਉਂ ਨਹੀਂ ਜਪਿਆ। ਫਿਰ ਬਾਬਾ ਜੀ, ਜਿਹੜੇ ਜਪਣਗੇ, ਉਹ ਕਿਉਂ ਪਛਤਾਉਣਗੇ? ਕਹਿੰਦੇ, ਜਦੋਂ ਜਪਣਗੇ ਤੇ ਦਰਗਾਹ ਵਿੱਚ ਸੁੱਖ ਮਿਲਣਗੇ, ਨਦਰਿ ਮਿਲੇਗੀ, ਰਸ ਮਿਲੇਗਾ, ਉਹ ਕਹਿਣਗੇ, ਜ਼ਿਆਦਾ ਕਿਉਂ ਨਹੀਂ ਜਪਿਆ।

ਹੁਣ ਮਾਤਾ ਭਾਗ ਭਰੀ ਜੀ ਕਹਿੰਦੇ, ਉਦਾਸ ਕਿਉਂ ਹੈਂ? ਉੱਤਮ ਚੀਜ਼ ਮਿਲੀ ਹੈ? ਉੱਤਮ ਚੀਜ਼ ਮਿਲੀ ਤੇ ਖੁਸ਼ ਹੋਈਦਾ ਹੈ, ਪੁੱਤਰ। ਕਹਿਣ ਲੱਗਾ, ਉਦਾਸ ਤਾਂ ਹਾਂ, ਪਹਿਲਾਂ ਕਿਉਂ ਨਹੀਂ ਮਿਲੀ। ਇੰਨੀ ਉਮਰ ਅਜਾਇਆਂ ਕਿਉਂ ਚੱਲੀ ਗਈ? ਧਿਆਨ ਦੇਣਾ। ਮਾਂ ਨੇ ਆਖਿਆ, ਇਹ ਉੱਤਮ ਚੀਜ਼ ਦੇਣ ਵਾਲੇ ਨੇ ਤੈਨੂੰ ਕਿਹਾ ਹੋਣਾ ਹੈ, ਜੋਗੀ ਬਣ ਜਾ, ਘਰ ਛੱਡ ਦੇ। ਸੇਵਾ ਦਾਸ ਕਹਿਣ ਲੱਗਾ, ਮਾਂ ਉਹ ਗੁਰੂ ਸਾਹਿਬ ਇਹੋ ਜਿਹੇ ਹਨ, ਕਿਸੇ ਨੂੰ ਨਹੀਂ ਕਹਿੰਦੇ, ਘਰ ਛੱਡ ਦਿਓ। ਤਿਆਗੀ ਨੂੰ ਵੀ ਪਰਮੇਸ਼ਰ ਨਾਲ ਮਿਲਾਉਂਦੇ ਹਨ ਤੇ ਗ੍ਰਹਿਸਥੀ ਨੂੰ ਵੀ ਪਰਮੇਸ਼ਰ ਨਾਲ ਮਿਲਾਉਂਦੇ ਹਨ। ਤਿਆਗੀ ਨੂੰ ਵੀ ਤਾਰਦੇ ਹਨ ਤੇ ਗ੍ਰਹਿਸਥੀ ਨੂੰ ਵੀ ਤਾਰਦੇ ਹਨ। ਸੇਵਾ ਦਾਸ ਨੇ ਪਾਠ ਕੀਤਾ, ਅਰਦਾਸ ਕੀਤੀ ਤੇ ਸੌਂ ਗਿਆ।

ਹੁਣ ਆ ਜਾਓ ਜੀ, ਮਾਤਾ ਭਾਗ ਭਰੀ ਜੀ ਵੱਲ। ਕਹਿੰਦੇ, ਹੁਣ ਮਾਤਾ ਭਾਗ ਭਰੀ ਜੀ ਸੌਂਦੇ ਹਨ ਤੇ ਨੀਂਦ ਨਹੀਂ ਆਉਂਦੀ। ਬੜੇ ਧਿਆਨ ਦੇਣ ਵਾਲੀ ਗੱਲ ਹੈ। ਮਾਤਾ ਭਾਗ ਭਰੀ ਜੀ ਸੌਣ ਦੀ ਕੋਸ਼ਿਸ਼ ਕਰਦੇ ਹਨ ਤੇ ਕੰਨਾਂ ਵਿੱਚ ਬਾਰ-ਬਾਰ ਪੁੱਤਰ ਵਾਲੀਆਂ ਗੱਲਾਂ ਆਉਂਦੀਆਂ ਹਨ। ਕਦੀ-ਕਦੀ ਫੁਰਨੇ ਦੂਜੇ ਬਣਦੇ ਹਨ ਕਿ ਇਹ ਕਿਵੇਂ ਹੋ ਸਕਦਾ ਹੈ? ਤਿਆਗ ਤੋਂ ਬਿਨਾਂ ਰੱਬ ਮਿਲ ਜਾਵੇ! ਤਿਆਗ ਤੋਂ ਬਿਨਾਂ ਜੋਗ ਮਿਲ ਜਾਵੇ! ਹੁਣ ਕਈ ਵਾਰ ਬਹੁਤ ਗੱਲਾਂ ਦਿਮਾਗ ਵਿੱਚ ਘੁੰਮਣ ਤੇ ਕਈ ਬੀਬੀਆਂ, ਵੀਰ ਕਹਿੰਦੇ ਹਨ ਕਿ ਨੀਂਦ ਦੀਆਂ ਗੋਲੀਆਂ ਖਾ ਕੇ ਫਿਰ ਸੌਣਾ ਪੈਂਦਾ ਹੈ। ਅੰਦਰ ਘੁੰਮਦੀਆਂ ਹਨ, ਬਿਰਤੀ ਵਿੱਚ, ਬੁੱਧੀ ਵਿੱਚ ਸੌਣ ਨਹੀਂ ਦਿੰਦੀਆਂ। ਇਹ ਮਾਤਾ ਭਾਗ ਭਰੀ ਜਿਨ੍ਹਾਂ ਦਾ ਜ਼ਿਕਰ ਸੁਣਿਆ ਹੈ, ਉਨ੍ਹਾਂ ਨੂੰ ਇਹ ਚੀਜ਼ ਸੌਣ ਨਹੀਂ ਦੇ ਰਹੀ, ਕਿਸ ਨੂੰ ਮਿਲ ਕੇ ਆਇਆ ਹੈ? ਇਸ ਨੂੰ ਕਿਸ ਨੇ ਰੰਗ ਲਗਾਇਆ ਹੈ? ਇਹ ਕਿਵੇਂ ਹੋ ਸਕਦਾ ਹੈ? ਤਿਆਗ ਤੋਂ ਬਿਨਾਂ ਜੋਗ। ਇਹ ਕਿਵੇਂ ਹੋ ਸਕਦਾ ਹੈ? ਗ੍ਰਹਿਸਥੀ ਵਿੱਚ ਰਹਿੰਦਿਆਂ ਪ੍ਰਾਪਤੀ। ਨਾਲੇ ਨੀਂਦ ਨਹੀਂ ਪੈ ਰਹੀ, ਮਾਤਾ ਭਾਗ ਭਰੀ ਜੀ ਨੂੰ ਤੇ ਨਾਲ ਹੀ ਫੁਰਨੇ ਬਣਦੇ ਪਏ ਹਨ, ਕਲਯੁੱਗ ਹੈ। ਕਲਯੁੱਗ ਵਿੱਚ ਕਿਸੇ ਕੋਲ ਇੰਨਾ ਬਲ, ਇੰਨਾ ਸਮਾਂ ਨਹੀਂ, ਬਹੁਤਾ ਤਪ ਕਰਨ ਦਾ। ਹਰ ਬੰਦਾ ਬਹੁਤਾ ਜਪ-ਤਪ ਨਹੀਂ ਕਰ ਸਕਦਾ। ਹੋ ਸਕਦਾ ਹੈ ਰੱਬ ਆਪ ਆਇਆ ਹੋਵੇ, ਗ੍ਰਹਿਸਥੀ ਵਿੱਚ ਸੌਖਾ ਰਾਹ ਲੈ ਕੇ। ਆਪੇ ਹੀ ਉਹ ਫੁਰਨੇ ਬਣਦੇ ਹਨ, ਆਪੇ ਹੀ ਹੋਰ ਜੁਆਬ ਬਣਦੇ ਹਨ। ਹੋ ਸਕਦਾ ਹੈ, ਰੱਬ ਆਪ ਆਇਆ ਹੋਵੇ, ਗ੍ਰਹਿਸਥੀ ਵਿੱਚ ਸੌਖਾ ਰਸਤਾ ਲੈ

ਕੇ, ਉਧਾਰ ਕਰਨ ਦਾ। ਇਹ ਜੋ ਪੁੱਤਰ ਨੇ ਮੈਨੂੰ ਸੁਣਾਇਆ ਹੈ, ਇਹ ਪੂਰੇ ਅਵਤਾਰ ਦੀਆਂ ਨਿਸ਼ਾਨੀਆਂ ਹਨ। ਹੁਣ ਅੱਖਾਂ ਬੰਦ ਕਰਨ ਦਾ ਯਤਨ ਕਰਦੀ ਹੈ ਤੇ ਫਿਰ ਫੁਰਨਾ ਆ ਜਾਂਦਾ ਹੈ। ਜੇ ਉਸ ਤੇ ਤੁੱਠਾ ਹੈਂ ਤੇ ਮੇਰੇ ਤੇ ਵੀ ਤੁੱਠੇਗਾ। ਸਵੇਰ ਹੋਵੇਗੀ ਤੇ ਮੈਂ ਪੁੱਛਾਂਗੀ, ਜਿਹੜੇ ਗੁਰੂ ਨੂੰ ਮਿਲ ਕੇ ਆਇਆ ਹੈਂ, ਕੀ ਉਹ ਔਰਤਾਂ ਦੀ ਵੀ ਕਲਿਆਣ ਕਰਦਾ ਹੈ? ਕੀ ਉਹ ਬੀਬੀਆਂ ਦੀ ਵੀ ਕਲਿਆਣ ਕਰਦਾ ਹੈ? ਦਾਸ ਨੇ ਉਹ ਲਫਜ਼ ਬੋਲਣੇ ਨਹੀਂ। ਸਾਰੇ ਹੀ ਧਰਮ ਸਤਿਕਾਰਯੋਗ ਹਨ ਪਰ ਕੁਝ ਧਰਮਾਂ ਨੇ ਜੋ ਭਾਈਆਂ ਨੂੰ ਚਿੰਨ੍ਹ ਦਿੱਤੇ ਹਨ, ਉਹ ਬੀਬੀਆਂ ਨੂੰ ਦਿੰਦੇ ਹੀ ਨਹੀਂ। ਮਾਂ ਸੋਚਦੀ ਹੈ ਇਹ ਹੁਣ ਮੈਂ ਸਵੇਰੇ ਸੇਵਾ ਦਾਸ ਨੂੰ ਪੁੱਛਾਂਗੀ ਕਿ ਇਹ ਕਿਹੜਾ ਗੁਰੂ ਹੈ ਜਿਹੜਾ ਬੀਬੀਆਂ ਦੀ ਵੀ ਕਲਿਆਣ ਕਰੇਗਾ। ਹੁਣ ਧਿਆਨ ਦੇਣਾ। ਅੱਜ ਜਿਸ ਬੀਬੀ (ਮਾਤਾ) ਦਾ ਜ਼ਿਕਰ ਸੁਣ ਰਹੇ ਹੋ, ਦਾਸ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਇਨ੍ਹਾਂ ਨੂੰ ਇੰਨਾ ਰੰਗ ਲੱਗ ਗਿਆ ਕਿ ਪੁੱਤਰ ਤੋਂ ਵੀ ਅੱਗੇ ਨਿਕਲ ਗਈ।

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਸਵੇਰ ਹੋਈ, ਪੁੱਛਦੀ ਹੈ, ਮੈਨੂੰ ਵੀ ਲੈ ਚੱਲ। ਜਿਸ ਗੁਰੂ ਨੇ ਤੈਨੂੰ ਇੰਨਾ ਰੰਗ ਲਗਾਇਆ ਹੈ, ਪੁੱਤਰ, ਮੈਨੂੰ ਵੀ ਅੰਮ੍ਰਿਤਸਰ ਲੈ ਚੱਲ। ਹੁਣ ਪੁੱਤਰ ਨੇ ਬੈਟਰੀ ਚਾਰਜ ਕਰ ਦਿੱਤੀ। ਕਹਿਣ ਲੱਗਾ, ਮਾਤਾ, ਉਹ ਗੁਰੂ ਸਾਹਿਬ ਇੰਨੇ ਪੂਰੇ ਹਨ, ਇੰਨੇ ਪੂਰੇ ਹਨ ਕਿ ਤੂੰ ਘਰ ਬੈਠ ਕੇ ਉਨ੍ਹਾਂ ਨੂੰ ਯਾਦ ਕਰ। ਉਹ ਆਪ ਤੈਨੂੰ ਦਰਸ਼ਨ ਦੇਣ ਆਉਣਗੇ। ਹੁਣ ਸਿੱਖੀ ਦਾ ਵਰਤਾਰਾ ਘਰ ਤੁਰ ਪਿਆ। ਸਿੱਖੀ ਦਾ ਵਰਤਾਰਾ ਕੀ ਹੁੰਦਾ ਹੈ? ਸ੍ਰੀ ਨਗਰ ਵਿੱਚ ਜਿੰਨੇ ਗੁਰੂ ਸਾਹਿਬ ਦੇ ਰੰਗੇ ਹੋਏ ਜੁੜੇ, ਉਨ੍ਹਾਂ ਸਾਰਿਆਂ ਦੇ ਸੇਵਾ ਦਾਸ ਨੇ ਘਰ ਚਰਨ ਪੁਆਉਣੇ। ਉਨ੍ਹਾਂ ਨੂੰ ਪਰਸ਼ਾਦਾ ਛਕਾਉਣਾ। ਕੀਰਤਨ ਕਰਵਾਉਣਾ। ਸਾਰੇ ਇਲਾਕੇ ਵਿੱਚ ਮਾਹੌਲ ਇੰਨਾ ਪਿਆਰਾ ਹੋ ਗਿਆ ਕਿ ਕਦੀ ਕਿਧਰੇ ਕੀਰਤਨ ਤੇ ਕਦੀ ਕਿਧਰੇ ਕੀਰਤਨ। ਮਾਤਾ ਭਾਗ ਭਰੀ ਜੀ ਨੇ ਵੀ ਜਾਣਾ ਤੇ ਸੇਵਾ ਦਾਸ ਨੇ ਵੀ ਜਾਣਾ। ਜਿਵੇਂ ਜੁਟ ਬਣ ਜਾਂਦਾ ਹੈ, ਉਵੇਂ ਜੁੜਨ ਵਾਲਿਆਂ ਦਾ ਜੁਟ ਬਣ ਗਿਆ। ਰਲ ਕੇ ਗੁਰੂ ਸਾਹਿਬ ਦੇ ਗੁਣ ਗਾਉਂਦੇ ਹਨ। ਕਦੀ ਕਿਸੇ ਦੇ ਘਰ ਜੁੜਦੇ ਹਨ, ਕਦੀ ਕਿਸੇ ਦੇ ਘਰ ਜੁੜਦੇ ਹਨ। ਹੁਣ ਇਹ ਗੱਲ ਪੱਲੇ ਬੰਨਣ ਵਾਲੀ ਹੈ, ਇੰਨੀ ਵੱਡੀ ਉਮਰ, ਮਾਤਾ ਭਾਗ ਭਰੀ ਜੀ ਨੇ ਥੋੜ੍ਹਾ-ਥੋੜ੍ਹਾ ਕਰਕੇ ਜਪੁਜੀ ਸਾਹਿਬ ਦਾ ਪਾਠ ਪੂਰਾ ਕੰਠ ਕਰ ਲਿਆ। ਇਹ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ। ਇਸ ਮਾਤਾ ਨੂੰ ਬਾਣੀ ਇੰਨੀ ਮਿੱਠੀ ਲੱਗਣ ਲੱਗ ਪਈ ਕਿ ਜਪੁਜੀ ਸਾਹਿਬ ਦਾ ਪਾਠ ਵਡੇਰੀ ਉਮਰ ਵਿੱਚ ਕੰਠ ਕਰ ਲਿਆ ਤੇ ਰੋਜ਼ ਹਾਜ਼ਰੀ ਲਗਾਉਣੀ। ਹੁਣ ਜਿਉਂ-ਜਿਉਂ ਇਲਾਕੇ ਵਿੱਚ ਕਥਾ-ਕੀਰਤਨ ਕਰਦੇ ਹਨ, ਤਿਉਂ-ਤਿਉਂ ਮਾਤਾ ਭਾਗ ਭਰੀ ਜੀ ਦੀ ਤਾਂਘ ਵੱਧਦੀ ਜਾਂਦੀ ਹੈ। ਅੰਦਰ ਦਰਸ਼ਨਾਂ ਦੀ ਤਾਂਘ ਵੱਧਦੀ ਜਾਂਦੀ ਹੈ। ਸੋਚਦੀ ਹੈ ਸਰੀਰ ਮੇਰਾ ਕਮਜ਼ੋਰ ਹੈ, ਉਮਰ ਵਡੇਰੀ ਹੈ, ਜਾ ਮੈਂ ਸਕਦੀ ਨਹੀਂ ਪਰ ਸੁਣਿਆ ਹੈ ਕਿ ਤੁਸੀਂ ਪਤਿਤ ਪਾਵਨ ਹੋ। ਭਗਤਾਂ ਦੇ ਪ੍ਰੇਮੀ ਹੋ। ਮੈਨੂੰ ਵੀ ਦਰਸ਼ਨ ਦੇਣ ਆਓਗੇ। ਹੁਣ ਅਗਲੀ ਗੱਲ ਪੱਲੇ ਬੰਨਿਓ। ਉਹ ਤੁਹਾਡੇ ਵਿੱਚੋਂ ਭਾਗਾਂ ਵਾਲੇ ਹਨ ਕਿ ਜਿਹੜੇ ਸਾਧ ਸੰਗਤ ਜੀ, ਗੁਰੂ ਸਾਹਿਬ ਨਾਲੋਂ ਪ੍ਰੇਮ ਨਾ ਟੁੱਟ ਜਾਵੇ, ਇਸ ਲਈ ਕੋਈ ਨਾ ਕੋਈ ਆਹਰ ਲਗਾ ਲੈਂਦੇ ਹਨ। ਇਸ ਨੇ ਕੀ ਆਹਰ ਲਗਾਇਆ? ਭਾਈ ਵੀਰ ਸਿੰਘ ਜੀ ਨੇ ਕਮਾਲ ਦੇ ਲਫਜ਼ ਲਿਖੇ ਹਨ। ਉਨ੍ਹਾਂ ਨੇ ਲਿਖਿਆ ਹੈ ਕਿ ਆਪਣੀ ਭਗਤੀ ਨੂੰ ਆਸਰਾ ਦੇਣ ਲਈ ਉਸ ਦੀ ਯਾਦ ਬਣੀ ਰਵ੍ਹੇ, ਉਸ ਵਾਸਤੇ ਆਹਰ ਕੀ ਲਗਾਇਆ? ਬਜ਼ਾਰੋਂ ਰੂੰ ਲੈ ਆਈ। ਉਸ ਰੂੰ ਨੂੰ

ਕੱਤਣਾ ਤੇ ਨਾਲ ਛੇਵੇਂ ਪਾਤਸ਼ਾਹ ਜੀ ਨੂੰ ਯਾਦ ਕਰਨਾ। ਕੀ ਕਹਿਣਾ? ਇਹ ਮੈਂ ਰੂੰ ਕੱਤ ਰਹੀ ਹਾਂ। ਇਸ ਨੂੰ ਕੱਤਣ ਤੋਂ ਬਾਅਦ ਤੇਰਾ ਚੋਲਾ ਬਣਾਉਣਾ ਹੈ। ਗੱਲ ਚੋਲੇ ਦੀ ਨਹੀਂ, ਇੱਕ ਆਹਰ ਲਗਾ ਲਿਆ।

ਇਹ ਤੁਹਾਡੇ ਵਿੱਚੋਂ ਕਈ ਭੈਣਾਂ ਹਨ, ਥਾਲੀ ਵਿੱਚ ਚਾਵਲ ਪਏ ਹੁੰਦੇ ਹਨ। ਉਨ੍ਹਾਂ ਦੇ ਬੱਚੇ ਵੀ, ਇੱਕ ਚੌਲਾਂ ਦਾ ਦਾਣਾ ਚੁੱਕਦੇ ਹਨ, ਪੰਜ ਵਾਰੀ ਵਾਹਿਗੁਰੂ ਕਹਿੰਦੇ ਹਨ, ਚੌਲਾਂ ਦਾ ਦਾਣਾ ਦੂਜੀ ਥਾਲੀ ਵਿੱਚ ਰੱਖੀ ਜਾਂਦੇ ਹਨ। ਹਫਤੇ ਦੇ ਪੰਜ ਕਿਲੋ ਚਾਵਲ ਬਣਾ ਕੇ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਆਪ ਕਿਰਪਾਨ ਭੇਟ ਕਰਵਾ ਕੇ, ਭੋਗ ਲਗਵਾ ਕੇ, ਆਪ ਸੰਗਤ ਨੂੰ ਵਰਤਾਉਂਦੇ ਹਨ। ਗੱਲ ਪੰਜ ਕਿਲੋ ਚਾਵਲਾਂ ਦੀ ਨਹੀਂ, ਉਨ੍ਹਾਂ ਨੇ ਘਰ ਵਿੱਚ ਬਾਬਾ ਦੀਪ ਸਿੰਘ ਜੀ ਦੀਆਂ ਖੁਸ਼ੀਆਂ ਲੈਣ ਲਈ ਆਹਰ ਲਗਾ ਲਿਆ ਹੈ। ਨਹੀਂ ਤਾਂ ਡਰਾਮਿਆਂ ਨੇ ਨਹੀਂ ਛੱਡਣਾ, ਨਹੀਂ ਛੱਡਣਾ ਫਿਲਮਾਂ ਨੇ, ਨਹੀਂ ਛੱਡਣਾ ਸੀਰੀਅਲਾਂ ਨੇ, ਨਹੀਂ ਛੱਡਣਾ ਹੋਰ ਦੂਜੇ ਕੰਮਾਂ (ਮੋਬਾਇਲ, ਵਟਸਐੱਪ, ਫੇਸਬੁੱਕ) ਆਦਿਕ ਨੇ। ਬਦੋਬਦੀ ਲੱਗ ਜਾਣਾ ਹੈ। ਬੱਚਿਆਂ ਨੂੰ ਲੈ ਕੇ ਇਹੋ ਜਿਹੇ ਆਹਰ ਲਗਾ ਲਵਾਂਗੇ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਸਿੱਧੇ ਲੇਖ ਬਦਲਦੇ ਹਨ। ਇਹੋ ਜਿਹੇ ਆਹਰ ਲਗਾ ਲਵਾਂਗੇ, ਬਾਬਾ ਦੀਪ ਸਿੰਘ ਜੀ ਦੇ ਦਰ ਜਾਂ ਕਿਧਰੇ ਜਾ ਕੇ ਲੰਗਰ ਵਿੱਚ ਸੰਗਤ ਨੂੰ ਵਰਤਾਉਂਦੇ ਹੋ ਤੇ ਜਿਹੜੀਆਂ ਸੰਗਤਾਂ ਦੇ ਮੁੱਖ ਵਿੱਚ ਇਹ ਦਾਣਾ ਪੈਂਦਾ ਹੈ, ਜਿਹੜਾ ਤੁਸੀਂ ਵਾਹਿਗੁਰੂ-ਵਾਹਿਗੁਰੂ ਜਪ ਕੇ ਬਣਾਇਆ ਹੋਇਆ ਹੈ, ਸਾਧ ਸੰਗਤ ਜੀ, ਸਿੱਧੇ ਲੇਖ ਬਦਲਦੇ ਹਨ, ਸਿੱਧੀ ਸਾਡੀ ਸੜਕ ਸੱਚਖੰਡ ਜਾਂਦੀ ਹੈ। ਇਹੋ ਜਿਹੇ ਆਹਰ ਲਗਾਇਆ ਕਰੋ। ਗੱਲ ਰੂੰ ਦੀ ਨਹੀਂ। ਗੱਲ ਸੂਤ ਕੱਤਣ ਦੀ ਨਹੀਂ। ਉਨ੍ਹਾਂ ਨੇ ਆਪਣੇ ਆਪ ਨੂੰ ਆਹਰ ਲਗਾ ਲਿਆ ਕਿ ਕਿਸੇ ਤਰੀਕੇ ਤੇਰੀ (ਛੇਵੇਂ ਪਾਤਸ਼ਾਹ ਜੀ) ਯਾਦ ਚਲਦੀ ਰਵ੍ਹੇ। ਮੈਂ ਤੇਰੇ ਲਈ ਸੂਤ ਕੱਤ ਰਹੀ ਹਾਂ। ਤੇਰੇ ਲਈ ਬੁਣ ਰਹੀ ਹਾਂ। ਹੁਣ ਅਗਲੀ ਗੱਲ ਕਮਾਲ ਦੀ ਹੈ। ਕੁਝ ਦਿਨਾਂ ਵਿੱਚ ਰੂੰ ਕੱਤੀ ਗਈ। ਰੂੰ ਕੱਤ ਕੇ ਸੂਤ ਤਿਆਰ ਕੀਤਾ। ਸੂਤ ਦਾ ਕੱਪੜਾ ਤਿਆਰ ਕੀਤਾ। ਉਸ ਕੱਪੜੇ ਦਾ ਸਤਿਗੁਰਾਂ ਲਈ ਚੋਲਾ ਤਿਆਰ ਕੀਤਾ। ਵੇਖੋ, ਮਾਤਾ ਭਾਗ ਭਰੀ ਜੀ ਨੇ ਕਮਾਲ ਕਰ ਦਿੱਤੀ। ਬੜਾ ਸੁਹਣਾ ਮੇਜ਼ ਬਣਵਾ ਕੇ ਉਸ ਤੇ ਵਿਛਾਈ ਕਰਕੇ, ਬੜਾ ਸੁਹਣਾ ਗਦੇਲੇ ਦਾ ਆਸਣ ਵਿਛਾ ਕੇ ਉਸ ਉੱਤੇ ਚੌਲਾ ਰੱਖ ਦਿੱਤਾ। ਇਹ ਬੜੀ ਵੱਡੀ ਗੱਲ ਹੈ ਤੇ ਭੁੰਝੇ ਆਪ ਬੈਠ ਜਾਣਾ। ਚੌਲੇ ਵੱਲ ਵੇਖੀ ਜਾਣਾ ਤੇ ਅਰਦਾਸਾਂ ਕਰਨੀਆਂ, ਜਿਸ ਲਈ ਚੌਲਾ ਬਣਾਇਆ ਹੈ, ਉਹ ਇਸ ਆਸਣ ਤੇ ਕਦੋਂ ਬਿਰਾਜੇਗਾ। ਦਾਸ ਬੇਨਤੀ ਕਰਦਾ ਹੈ ਕਿ ਇਹ ਪ੍ਰੇਮਾ ਭਗਤੀ ਹੈ।

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥***
*(ਅੰਗ ੯੬)*

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਰਾਸਿ ੫) ਦੀਆਂ ਪੰਕਤੀਆਂ ਹਨ। ਇਹ ਮਾਤਾ ਭਾਗ ਭਰੀ ਜੀ ਕਹਿ ਰਹੇ ਹਨ :

***ਨਹੀਂ ਸਮਰਥ ਗਮਨਿ ਕੀ ਕੋਈ।***

ਮੇਰੇ ਸਰੀਰ ਵਿੱਚ ਆਉਣ ਦੀ ਸਮਰੱਥਾ ਨਹੀਂ, ਅੰਮ੍ਰਿਤਸਰ।

***'ਹੇ ਪ੍ਰਭੁ! ਮੈਂ ਬਿਰਧਾ ਬਹੁ ਹੋਈ।***

ਹੇ ਛੇਵੇਂ ਪਾਤਸ਼ਾਹ ਜੀ, ਮੈਂ ਬਿਰਧ ਹੋ ਗਈ ਹਾਂ।

***'ਹੇ ਪ੍ਰਭੁ! ਮੈਂ ਬਿਰਧਾ ਬਹੁ ਹੋਈ।***
***ਨਹੀਂ ਸਮਰਥ ਗਮਨਿ ਕੀ ਕੋਈ।***
***ਪੰਥ ਪਹਾਰਨਿ ਕੋ ਬਹੁ ਦੂਰਿ।***

ਪੰਥ ਕਹਿੰਦੇ ਹਨ, ਰਾਹ ਨੂੰ। ਪਹਾਰਨ, ਤੁਹਾਨੂੰ ਪਤਾ ਹੈ ਕਿ ਸ੍ਰੀਨਗਰ ਦਾ ਪਹਾੜੀ ਰਾਹ ਹੈ। ਇਹ ਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:

***ਪੰਥ ਪਹਾਰਨਿ ਕੋ ਬਹੁ ਦੂਰਿ।***

ਰਸਤਾ ਪਹਾੜੀ ਹੈ ਤੇ ਦੂਰ ਬੜਾ ਹੈ, ਅੰਮ੍ਰਿਤਸਰ।

***ਊਚ ਨੀਚ ਖਲ ਲਖੀਯਤਿ ਭੂਰ ॥੨੨॥***
***ਨਾਂਹਿ ਤ ਮੈਂ ਅੰਮ੍ਰਿਤਸਰ ਆਵਤਿ।***

ਜੇ ਮੇਰੇ ਵਿੱਚ ਜੋਬਨ ਹੁੰਦਾ ਤਾਂ ਮੈਂ ਆ ਜਾਣਾ ਸੀ।

***ਨਿਜ ਕਰ ਸੌਂ ਅਬਰ ਪਹਿਰਾਵਿਤ।***
***ਸ਼ਕਤੀ ਹੀਨ ਕਿਤ ਗਮਨੌ ਸੁਾਮੀ।***
***ਸਭਿ ਘਟ ਬਯਾਪਕ ਅੰਤਰਜਾਮੀ! ॥੨੩॥***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੫)*

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥***

*(ਅੰਗ ੯੬)*

ਸੰਗਤ ਜੀ, ਅੱਜ ਕੋਈ ਪਿਆਰ ਲੈ ਕੇ ਜਾਣਾ। ਦਾਸ ਨੂੰ ਬੋਲਣਾ ਪੈ ਰਿਹਾ ਹੈ। ਚੌਲੇ ਨੂੰ ਮਾਤਾ ਧੂਫ ਵੀ ਧੁਖਾਉਂਦੀ ਸੀ। ਕਈਆਂ ਨੂੰ ਬਰਦਾਸ਼ਤ ਨਹੀਂ ਹੋਣਾ। ਰੋਜ਼ ਨਵਾਂ ਸਿਹਰਾ ਵੀ ਚੜ੍ਹਾਉਣਾ। ਆਰਤੀ ਵੀ ਕਰਨੀ। ਪਰਕਰਮਾ ਵੀ ਕਰਨੀਆਂ, ਕਦੋਂ ਬਿਰਾਜੋਗੇ। ਇਧਰ ਸ੍ਰੀ ਅਕਾਲ ਤਖ਼ਤ ਸਾਹਿਬ ਛੇਵੇਂ ਪਾਤਸ਼ਾਹ ਜੀ ਅੰਮ੍ਰਿਤਸਰ ਸਾਹਿਬ ਬੈਠੇ ਹਨ ਤੇ ਮਾਤਾ ਗੰਗਾ ਜੀ ਨੂੰ ਕਹਿੰਦੇ ਹਨ, ਮਾਤਾ ਜੀ, ਅੰਦਰ ਖਿੱਚ ਪੈ ਰਹੀ ਹੈ। ਮਾਤਾ ਗੰਗਾ ਜੀ ਕਹਿੰਦੇ ਹਨ, ਕਾਹਦੀ ਖਿੱਚ। ਮਾਤਾ ਜੀ, ਕੋਈ ਯਾਦ ਕਰ ਰਿਹਾ ਹੈ। ਬੇਟਾ, ਕੌਣ ਯਾਦ ਕਰ ਰਿਹਾ ਹੈ? ਛੇਵੇਂ ਪਾਤਸ਼ਾਹ ਜੀ ਕਹਿੰਦੇ, ਮਾਤਾ ਜੀ ਜਿਹੜਾ ਯਾਦ ਕਰ ਰਿਹਾ ਹੈ, ਉਸ ਦੀ ਰੂਹ ਸਾਨੂੰ ਵਿਲਕਦੀ ਦਿੱਸਦੀ ਪਈ ਹੈ, ਵਿਲਕ ਰਹੀ ਹੈ।

***ਘਟ ਘਟ ਕੇ ਅੰਤਰ ਕੀ ਜਾਨਤ ॥***
***ਭਲੇ ਬੁਰੇ ਕੀ ਪੀਰ ਪਛਾਨਤ ॥***

*(ਚੌਪਈ ਸਾਹਿਬ)*

ਹੁਣ ਜ਼ਰਾ ਧਿਆਨ ਦੇਣਾ। ਪਤਾ ਨਹੀਂ ਸਭ ਦੀ ਭਾਵਨਾ ਬਣ ਜਾਵੇ। ਬਾਬਾ ਬੁੱਢਾ ਸਾਹਿਬ ਜੀ ਤੇ ਕੁਝ ਚੋਣਵੇਂ ਸਿੱਖਾਂ ਨੂੰ ਅੰਮ੍ਰਿਤਸਰ ਸਾਹਿਬ ਡਿਊਟੀ ਦੇ ਕੇ ਮਹਾਰਾਜ ਜੀ ਸ੍ਰੀ ਨਗਰ ਵੱਲ ਚੱਲ ਪਏ। ਮਾਤਾ ਜੀ, ਸਾਨੂੰ ਰੂਹ ਵਿਲਕਦੀ ਦਿੱਸਦੀ ਪਈ ਹੈ। ਇੱਥੋਂ ਤੱਕ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਮਾਤਾ ਜੀ ਕਹਿੰਦੇ, ਪੁੱਤਰ, ਜਲਦੀ ਆ ਜਾਣਾ। ਇਹ ਨਾ ਹੋਵੇ ਕਿ ਫਿਰ ਅਸੀਂ ਦਰਸ਼ਨਾਂ ਦੀਆਂ ਬੇਨਤੀਆਂ ਕਰੀਏ। ਅਸੀਂ ਵੀ ਨਹੀਂ ਰਹਿ ਸਕਦੇ। ਸਤਿ ਬਚਨ, ਮਾਤਾ ਜੀ। ਹੁਣ ਸੰਗਤ ਜੀ, ਇੱਕ ਨਿੱਕਾ ਜਿਹਾ ਸੁਪਨਾ ਹੈ। ਦਾਸ ਨੂੰ ਬੜਾ ਵਧੀਆ ਲੱਗਾ। ਇੱਧਰ ਮਹਾਰਾਜ ਜੀ ਚੱਲ ਪਏ ਹਨ, ਉਧਰ ਮਾਤਾ ਭਾਗ ਭਰੀ ਜੀ ਇੰਨਾ ਪਿਆਰ, ਇੰਨੇ ਪੁੰਨ, ਇੰਨੀ ਪ੍ਰੀਤ ਇੱਥੋਂ ਤੱਕ ਕਈਆਂ ਨੇ ਕਹਿਣਾ ਕਿ ਅਸੀਂ ਅੰਮ੍ਰਿਤਸਰ ਸਾਹਿਬ ਚਲੇ ਹਾਂ, ਚੌਲਾ ਸਾਨੂੰ ਦੇ ਦੇ। ਉਸ ਨੇ ਕਹਿਣਾ, ਮੈਂ ਜਿਸ ਅੱਗੇ ਬੇਨਤੀਆਂ ਕਰ ਰਹੀ ਹਾਂ, ਉਹ ਆਏਗਾ। ਜੇ ਨਹੀਂ ਵੀ ਆਏਗਾ, ਉਸ ਦੀ ਉਡੀਕ ਵਿੱਚ ਮੇਰੇ ਪ੍ਰਾਣ ਨਿਕਲ ਜਾਣਗੇ, ਮੈਂ ਤਾਂ ਵੀ ਸਫਲੀ ਹਾਂ।

ਮਾਤਾ ਭਾਗ ਭਰੀ ਜੀ ਨੂੰ ਸੁਪਨਾ ਆਇਆ ਕਿ ਲੈਣ ਵਾਲੇ ਆ ਗਏ ਹਨ। ਇਹ ਸੁਪਨਾ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ। ਜਿਹੜੇ ਲੈਣ ਆਏ ਹਨ, ਉਹ ਕੀ ਕਹਿੰਦੇ ਹਨ ਕਿ ਮਾਤਾ, ਤੇਰੀ ਉਮਰ ਖਤਮ ਹੈ। ਤੈਨੂੰ ਲੈਣ ਆਏ ਹਾਂ। ਨਾਲ ਹੀ ਕਹਿੰਦੇ, ਤੈਨੂੰ ਲੈਣ ਆਏ ਹਾਂ ਪਰ ਲਿਜਾ ਨਹੀਂ ਸਕਦੇ। ਹੁਣ ਮਾਤਾ ਭਾਗ ਭਰੀ ਜੀ ਸੁਪਨੇ ਵਿੱਚ ਕਹਿੰਦੇ ਹਨ, ਮੈਨੂੰ ਲੈਣ ਆਏ ਹੋ ਤੇ ਪਰ ਲਿਜਾ ਨਹੀਂ ਸਕਦੇ,

ਉਹ ਕਿਉਂ? ਅੱਗੋਂ ਉਹ ਕੀ ਕਹਿੰਦੇ ਹਨ, ਮਾਤਾ ਤੈਨੂੰ ਲੈਣ ਆਏ ਹਾਂ ਪਰ ਲਿਜਾ ਨਹੀਂ ਸਕਦੇ, ਕਿਉਂ? ਜਿਸ ਨੂੰ ਤੂੰ ਯਾਦ ਕਰ ਰਹੀ ਹੈਂ, ਉਹ ਕਾਲ ਤੋਂ ਵੀ ਉੱਪਰ ਹੈ। ਧਿਆਨ ਦੇਣਾ, ਬੜੀ ਵੱਡੀ ਗੱਲ ਹੈ। ਅੱਜ ਇਹ ਭਾਵਨਾ ਬਣਾਉਣਾ।

ਹੁਣ ਬਾਬਾ ਦੀਪ ਸਿੰਘ ਜੀ ਦਾ ਇਤਿਹਾਸ ਪੜ੍ਹ ਲਵੋ। ਕਾਲ ਕਹਿੰਦਾ ਹੈ, ਓ ਦੀਪ ਸਿਆਂ, ਇਹ ਕੀ ਅਰਦਾਸਾ ਸੋਧ ਦਿੱਤਾ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਪਰਕਰਮਾ ਵਿੱਚ ਸੀਸ ਭੇਟਾ ਕਰਨਾ ਹੈ ਪਰ ਮੈਂ ਤੈਨੂੰ ਪਹਿਲਾਂ ਹੀ ਲੈਣ ਆ ਜਾਣਾ ਹੈ, ਟਾਹਲਾ ਸਾਹਿਬ ਹੀ। ਬਾਬਾ ਜੀ ਨੂੰ ਫਿਰ ਇੱਕ ਸਿੱਖ ਨੇ ਆਖਿਆ, ਬਾਬਾ ਜੀ, ਤੁਸੀਂ ਤਾਂ ਅਰਦਾਸ ਕੀਤੀ ਹੈ, ਕਾਲ ਕਹਿੰਦਾ ਹੈ, ਮੈਂ ਆ ਗਿਆ ਹਾਂ, ਸਮਾਂ ਹੋ ਗਿਆ ਹੈ। ਫਿਰ ਜਦੋਂ ਬਾਬਾ ਜੀ ਸੀਸ ਤਲੀ 'ਤੇ ਚੁੱਕ ਲੈਂਦੇ ਹਨ ਤੇ ਫਿਰ ਕਾਲ ਪਿੱਛੇ ਹੱਟ ਜਾਂਦਾ ਹੈ। ਕਿਉਂ? ਇਹ ਸੀਸ ਜਿਸ ਗੁਰੂ ਸਾਹਿਬ ਦੇ ਚਰਨਾਂ ਵਿੱਚ ਲੱਗਾ ਹੈ, ਉਹ ਕਾਲ ਤੋਂ ਵੀ ਉੱਪਰ ਹੈ।

ਮਾਤਾ ਭਾਗ ਭਰੀ ਜੀ ਨੇ ਸਾਰਾ ਸੁਪਨਾ ਸੁਣਾਇਆ, ਸੇਵਾ ਦਾਸ ਆਪਣੇ ਪੁੱਤਰ ਨੂੰ। ਉੱਧਰੋਂ ਗੁਰੂ ਸਾਹਿਬ ਚਲੇ ਹੋਏ ਹਨ। ਇਹ ਮਾਤਾ ਭੁੰਜੇ ਬੈਠੀ ਹੈ ਤੇ ਸਾਹਮਣੇ ਚੋਲੇ ਦਾ ਆਸਣ ਲੱਗਾ ਹੈ। ਉਹ ਭਾਵਨਾ ਬਣੀ ਪਈ ਹੈ। ਇਧਰ ਛੇਵੇਂ ਪਾਤਸ਼ਾਹ ਜੀ ਘਰ ਆ ਗਏ ਹਨ, ਪੁੱਤਰ ਨੇ ਬਿਠਾਇਆ ਹੈ। ਬਿਠਾ ਕੇ ਮਾਂ ਨੂੰ ਹਿਲਾਉਂਦਾ ਹੈ। ਮਾਂ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਹਨ। ਕਹਿਣ ਲੱਗੀ, ਮੇਰੇ ਨਾਲ ਮਜ਼ਾਕ ਨਾ ਕਰ। ਮੇਰੇ ਹਿਰਦੇ ਵਿੱਚ ਬੈਠੇ ਹੋਏ ਹਨ, ਮੈਨੂੰ ਛੇੜ ਨਾ। ਕਹਿਣ ਲੱਗਾ, ਹੁਣ ਕੀ ਕਰਾਂ? ਮਹਾਰਾਜ ਜੀ ਆ ਗਏ ਹਨ ਤੇ ਮਾਂ ਹਿਲਦੀ ਨਹੀਂ ਪਈ। ਪੁੱਤਰ ਫਿਰ ਗੋਡਾ ਹਿਲਾਉਂਦਾ ਹੈ, ਮਾਂ ਸੱਚੀ-ਮੁੱਚੀ ਛੇਵੇਂ ਪਾਤਸ਼ਾਹ ਜੀ ਬਾਹਰ ਆ ਗਏ ਹਨ। ਪੁੱਤਰ, ਮੈਨੂੰ ਛੇੜ ਨਾ। ਹੁਣ ਟਿਕੀ ਪਈ ਹਾਂ, ਮੇਰੇ ਅੰਦਰ ਬੈਠੇ ਪਏ ਹਨ, ਸਾਹਮਣੇ ਹਿਰਦੇ ਵਿੱਚ ਹਨ। ਨਾ ਛੇੜ। ਪੁੱਤਰ ਕਹਿੰਦਾ ਹੈ, ਕੀ ਕਰਾਂ? ਸਤਿਗੁਰੂ ਜੀ ਬਾਹਰ ਆਏ ਹਨ। ਮਾਂ ਆਪਣੇ ਧਿਆਨ ਵਿੱਚ ਜੁੜੀ ਪਈ ਹੈ। ਸਤਿਗੁਰੂ ਜੀ ਨਰਾਜ਼ ਹੀ ਨਾ ਹੋ ਜਾਣ। ਬੇਅਦਬੀ ਹੋ ਰਹੀ ਹੈ। ਮਹਾਰਾਜ ਜੀ ਅੰਦਰ ਆ ਗਏ। ਕਹਿਣ ਲੱਗੇ, ਸੇਵਾ ਦਾਸ, ਇਸ ਨੂੰ ਨਾ ਛੇੜ। ਕਹਿੰਦੇ, ਜਿੱਥੇ ਚੋਲਾ ਪਿਆ ਹੈ, ਉਹ ਇੱਕ ਸਾਈਡ ਕਰਕੇ ਉੱਥੇ ਪਿਤਾ ਜੀ ਆਪ ਬੈਠ ਗਏ।

***ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥***
***ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥***
***(ਅੰਗ ੭੫੮)***

ਵੇਖੋ ਕਿੰਨੀਆਂ ਧੰਨ ਹਨ ਬੀਬੀਆਂ। ਫਿਰ ਜਦੋਂ ਨੇਤਰ ਖੋਲ੍ਹੇ, ਵਾਕਿਆ ਹੀ ਜਿਸ ਨੂੰ ਹਿਰਦੇ ਵਿੱਚ ਵਸਾ ਕੇ ਬੈਠੀ ਸੀ, ਉਹ ਸਾਹਮਣੇ ਬੈਠਾ ਹੈ। ਸੰਗਤ ਜੀ, ਇਸ ਨੂੰ ਦੂਸਰੇ ਬੰਨੇ ਨਾ ਖੜ੍ਹਨਾ। ਇਹ ਇਤਿਹਾਸ ਵਿੱਚ ਲਿਖਿਆ ਹੈ, ਫਿਰ ਮਾਤਾ ਭਾਗ ਭਰੀ ਜੀ ਨੇ ਗੁਰੂ ਸਾਹਿਬ ਦੇ ਚਰਨਾਂ ਤੇ ਮੱਥਾ ਟੇਕਿਆ। ਫੁੱਲਾਂ ਦੀ ਮਾਲਾ ਸਤਿਗੁਰੂ ਜੀ ਦੇ ਗਲੇ ਵਿੱਚ ਪਾਈ ਤੇ ਧੂਫ ਬੱਤੀ ਲੈ ਕੇ ਆਰਤੀ ਕੀਤੀ, ਪਰਕਰਮਾ ਕੀਤੀਆਂ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਮਾਤਾ ਜੀ, ਸਭ ਕੁਝ ਕਰ ਲਿਆ ਹੈ। ਜਿਹੜੀ ਚੀਜ਼ ਕਰਕੇ ਅਸੀਂ ਆਏ ਹਾਂ, ਜਦੋਂ ਦਾ ਚੋਲਾ ਸੀਤਾ ਹੈ ਤੇ ਅਰਦਾਸਾਂ ਕਰਦੀ ਹੈਂ, ਸਾਨੂੰ ਤਨ ਤੇ ਕੋਈ ਕੱਪੜਾ ਸੁੱਖ ਹੀ ਨਹੀਂ ਦੇ ਰਿਹਾ। ਲਿਆ ਸਾਡਾ ਚੋਲਾ। ਫਿਰ ਉਹ ਚੋਲਾ ਮਹਾਰਾਜ ਜੀ ਨੂੰ ਪਹਿਨਾਇਆ। ਇਹ ਮਾਤਾ ਭਾਗ ਭਰੀ ਜੀ, ਉਹ ਭਾਗਾਂ ਵਾਲੀ ਮਾਤਾ ਹੋਈ ਹੈ ਜਿਨ੍ਹਾਂ ਨੇ ਅਖੀਰਲੇ ਸਵਾਸ ਵੀ ਛੇਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਹੀ ਪੂਰੇ ਕੀਤੇ। ਪੜ੍ਹੋ ਪੰਕਤੀਆਂ ਤੇ ਫਿਰ ਸਮਾਪਤੀ ਹੈ ਜੀ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***(ਅੰਗ ੪੭੩)***

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**ਨੌਵੇਂ ਪਾਤਸ਼ਾਹ ਜੀ ਦਾ ਇੱਕੀਵਾਂ ਸਲੋਕ :**

***ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥***
***ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥***

*(ਅੰਗ ੧੪੨੭)*

ਜੀਭ ਦੁਆਰਾ ਪ੍ਰਭੂ ਦੇ ਗੁਣ ਸਿਮਰਨ ਕਰੋ ਅਤੇ ਕੰਨਾਂ ਦੁਆਰਾ ਹਰੀ ਦਾ ਨਾਮ ਸੁਣੋ। ਹੇ ਭਾਈ! ਇਸ ਸਿੱਖਿਆ ਨੂੰ ਸੁਣ, ਤੂੰ ਜਮਾਂ ਦੇ ਘਰ (ਨਰਕ) ਵਿੱਚ ਨਹੀਂ ਪਵੇਂਗਾ।

ਅਸੀਂ ਉੱਦਮ ਕਰਕੇ ਆਪਣੀ ਡਿਊਟੀ ਤੇ ਜਾਂਦੇ ਹਾਂ, ਭੁੱਖ ਲੱਗਣ ਤੇ ਰੋਟੀ ਆਪ ਖਾਂਦੇ ਹਾਂ, ਪਾਣੀ ਆਪ ਪੀਂਦੇ ਹਾਂ ਪਰ ਨਾਮ ਜਪਣ ਵੇਲੇ ਕਹਿ ਦਿੰਦੇ ਹਾਂ, ਪ੍ਰਮਾਤਮਾ ਜਦੋਂ ਨਾਮ ਜਪਾਏਗਾ ਜਪ ਲਵਾਂਗੇ। ਬੇਸ਼ੱਕ ਨਾਮ ਪ੍ਰਭੂ ਦੀ ਕ੍ਰਿਪਾ ਨਾਲ ਹੀ ਜਪਿਆ ਜਾਂਦਾ ਹੈ ਪਰ ਉੱਦਮ ਵੀ ਜ਼ਰੂਰੀ ਹੈ।

***ਉਦਮੁ ਕਰੇਦਿਆ ਜੀਉ***
***ਤੂੰ ਕਮਾਵਦਿਆ ਸੁਖ ਭੁੰਚੁ ॥***
***ਧਿਆਇਦਿਆ ਤੂੰ ਪ੍ਰਭੂ ਮਿਲੁ***
***ਨਾਨਕ ਉਤਰੀ ਚਿੰਤ ॥੧॥***

*(ਅੰਗ ੫੨੨)*

ਭੋਜਨ ਦੀ ਭੁੱਖ ਨਾ ਲੱਗੇ ਤਾਂ ਡਾਕਟਰ ਕੋਲ ਜਾ ਕੇ ਚੂਰਨ ਲੈਂਦੇ ਹਾਂ ਪਰ ਜੇ ਸਾਨੂੰ ਨਾਮ ਦੀ ਭੁੱਖ ਨਹੀਂ ਲੱਗਦੀ ਤੇ ਉਸ ਵਾਸਤੇ ਕੁਝ ਨਹੀਂ ਕਰਦੇ। ਨਾਮ ਦੀ ਭੁੱਖ ਵਾਸਤੇ ਤਾਂ ਸਤਿਸੰਗਤ ਵਿੱਚ ਜਾਣਾ ਪਏਗਾ ਕਿਉਂਕਿ ਸਤਿਸੰਗਤ ਦੀ ਬਰਕਤ ਨਾਲ ਮਨ ਮਾਂਜਿਆ ਜਾਂਦਾ ਹੈ। ਮਾਂਜੇ ਹੋਏ ਪਵਿੱਤਰ ਮਨ ਵਿੱਚ ਪ੍ਰਭੂ ਜੀ ਦਾ ਨਾਮ ਟਿਕ ਜਾਂਦਾ ਹੈ।

***ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ***
***ਹਰਿ ਕੈ ਨਾਮਿ ਨਿਵਾਸੁ ॥***

*(ਅੰਗ ੬੩੯)*

ਗਿਆਨੀ ਸੰਤ ਸਿੰਘ ਜੀ ਮਸਕੀਨ ਵੀ ਬਚਨ ਕਰਦੇ ਹੁੰਦੇ ਸਨ ਕਿ ਭੋਜਨ ਦੀ ਬੁਰਕੀ ਮੂੰਹ ਰਾਹੀਂ ਅੰਦਰ ਜਾਵੇ ਤਾਂ ਲਹੂ ਮਿਝ, ਮਾਸ ਬਣਦਾ ਹੈ ਤੇ ਭਜਨ ਦੀ ਬੁਰਕੀ ਕੰਨਾਂ ਰਾਹੀਂ ਅੰਦਰ ਜਾਵੇ ਤਾਂ ਰਸ ਬਣੇਗਾ। ਮਨ ਇਕਾਗਰ ਹੋਏਗਾ।

ਪੰਜਵੇਂ ਪਾਤਸ਼ਾਹ ਜੀ ਵੀ ਕਹਿੰਦੇ ਹਨ ਕਿ ਰਸਨਾ ਨਾਲ ਜਾਂ ਹਿਰਦੇ ਨਾਲ ਉਸਨੂੰ ਗਾਉਣਾ ਹੈ। ਜੋ ਗਾ ਰਹੇ ਹਾਂ, ਉਸਨੂੰ ਕੰਨਾਂ ਨਾਲ ਸੁਣਨਾ ਹੈ। ਜਿਹੜਾ ਇਸ ਵਿਧੀ ਦੁਆਰਾ ਪ੍ਰਮੇਸ਼ਰ ਨਾਲ ਸੰਬੰਧ ਜੋੜ ਲੈਂਦਾ ਹੈ, ਉਹ ਖਾਲੀ ਨਹੀਂ ਰਹਿੰਦਾ।

***ਸ੍ਰਵਣੀ ਸੁਣੀਐ ਰਸਨਾ ਗਾਈਐ***
***ਹਿਰਦੈ ਧਿਆਈਐ ਸੋਈ ॥***
***ਕਰਣ ਕਾਰਣ ਸਮਰਥ ਸੁਆਮੀ***
***ਜਾ ਤੇ ਬ੍ਰਿਥਾ ਨ ਕੋਈ ॥੩॥***

*(ਅੰਗ ੬੧੧)*

ਇੱਕ ਰੱਬ ਦੀ ਉਸਤਤਿ ਗਾਉਣ ਵਾਲੇ ਮਸ਼ਹੂਰ ਗਵੱਈਏ ਨੂੰ ਇੱਕ ਰਾਜੇ ਨੇ ਬੇਨਤੀ ਕੀਤੀ ਕਿ ਉਹ ਮੇਰੇ ਦਰਬਾਰ ਵਿੱਚ ਆ ਕੇ ਪ੍ਰਭੂ ਦੇ ਗੁਣ ਗਾਇਣ ਕਰੇ, ਰਾਗ ਗਾਉਣ ਵਾਲੇ ਨੇ ਕਿਹਾ, ਰਾਜਾ ਮੈਂ ਇੱਕ ਸ਼ਰਤ ਤੇ ਪ੍ਰਭੂ ਦੀ ਸਿਫਤਿ ਤੇਰੇ ਦਰਬਾਰ ਵਿੱਚ ਗਾਵਾਂਗਾ ਕਿ ਮੇਰੇ ਕੀਰਤਨ ਵਿੱਚ ਕੋਈ ਵੀ ਸਰੋਤਾ ਸਿਰ ਨ ਹਿਲਾਵੇ। ਰਾਜੇ ਨੇ ਸਾਰੇ ਦਰਬਾਰੀਆਂ ਨੂੰ ਹੁਕਮ ਕਰ ਦਿੱਤਾ ਕਿ ਜੋ ਸਿਰ ਹਿਲਾਵੇਗਾ ਉਸਨੂੰ ਭਾਰੀ ਸਜ਼ਾ ਦਿੱਤੀ ਜਾਵੇਗੀ। ਰਾਗ ਗਾਉਣ ਵਾਲਾ ਪ੍ਰਭੂ ਦੀ ਉਸਤਤਿ ਗਾ ਕੇ ਹਟਿਆ ਤਾਂ ਰਾਜੇ ਨੂੰ ਕਹਿਣ ਲੱਗਾ, "ਮੇਰੀ ਸ਼ਰਤ ਪੂਰੀ ਨਹੀਂ ਹੋਈ ਤੇਰੇ ਅੱਧੇ ਦਰਬਾਰੀ ਸਿਰ ਹਿਲਾ ਕੇ ਝੂਮਣ ਲੱਗ ਪਏ ਸਨ।" ਰਾਜਾ ਕਹਿੰਦਾ, "ਮੈਂ ਉਨ੍ਹਾਂ ਨੂੰ ਤੁਹਾਡੇ ਸਾਹਮਣੇ ਭਾਰੀ ਸਜ਼ਾ ਦੇਵਾਂਗਾ।" ਰਾਗ ਗਾਉਣ ਵਾਲੇ ਨੇ ਕਿਹਾ, "ਉਹ ਸਜ਼ਾ ਦੇ ਹੱਕਦਾਰ ਨਹੀਂ। ਅਸਲ ਵਿੱਚ ਉਨ੍ਹਾਂ ਨੂੰ ਇਕਾਗਰਤਾ ਨਾਲ ਸੁਣਨਾ ਆ ਗਿਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਵੀ ਆਪਣੀ ਬਾਣੀ ਵਿੱਚ ਕਹਿੰਦੇ ਹਨ ਕਿ ਕਈ ਕਰੋੜਾਂ ਯੱਗਾਂ ਦਾ ਫਲ ਮਿਲਦਾ ਹੈ ਜੇ ਲੇਖੇ ਵਿੱਚ ਪ੍ਰਭੂ ਜਸ ਗਾਉਣਾ ਤੇ ਸੁਣਨਾ ਪੈ ਜਾਵੇ ਫਿਰ ਉਹ ਬੰਦਾ ਇਕੱਲਾ ਨਹੀਂ ਤਰਦਾ ਆਪਣੀਆਂ ਸਾਰੀਆਂ ਕੁਲਾਂ ਵੀ ਤਾਰ ਲੈਂਦਾ ਹੈ।

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥***

*(ਅੰਗ ੫੪੬)*

ਨਾਮ ਜਪਣ ਵਾਲੇ ਨੂੰ ਸਤਿਗੁਰੂ ਜੀ ਨੇ ਐਸੀ ਰਾਹਦਾਰੀ ਬਣਾ ਦਿੱਤੀ ਹੈ ਕਿ ਪਰਲੋਕ ਗਮਨ ਕਰਨ ਵੇਲੇ ਕੋਈ ਵੀ ਟੈਕਸ ਨਹੀਂ ਪੁੱਛੇਗਾ ਭਾਵ ਕਿ ਕੋਈ ਵੀ ਕਰਮਾਂ ਦਾ ਹਿਸਾਬ ਨਹੀਂ ਹੋਵੇਗਾ। ਪਰਲੋਕ ਵਿੱਚ ਧਰਮ ਦਾ ਰਾਜ ਚਲਾਉਣ ਵਾਲਾ ਧਰਮਰਾਜ ਵੀ ਕਹਿੰਦਾ ਹੈ, ਮੇਰੇ ਮਿੱਤਰ ਜੀ ਤੁਸੀਂ ਧੰਨ ਹੋ ਜੋ ਨਾਮ ਜਪਦੇ ਜੀਵਨ ਦੀ ਬਾਜੀ ਜਿੱਤ ਕੇ ਆਏ ਹੋ। ਤੁਸੀਂ ਤਾਂ ਮੇਰੀ ਪੁਰੀ ਪਵਿੱਤਰ ਕਰ ਦਿੱਤੀ ਹੈ।

***ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥***
***ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥***

*(ਅੰਗ ੧੪੨੫)*

ਪੰਜਵੇਂ ਪਾਤਸ਼ਾਹ ਜੀ ਕਹਿੰਦੇ ਹਨ- ਹੇ ਮਿੱਤਰ! ਜੋ ਮਨੁੱਖ ਜੀਭ ਨਾਲ ਹਰਿ ਨਾਮ ਉਚਾਰਦਾ ਹੈ ਤੇ ਕੰਨਾਂ ਨਾਲ ਹਰਿ ਨਾਮ ਸੁਣਦਾ ਹੈ, ਉਹ ਮਨੁੱਖ ਸੰਸਾਰ ਸਾਗਰ ਤੋਂ ਬਚ ਜਾਂਦਾ ਹੈ, ਉਸ ਦੇ ਹੱਥ ਪਵਿੱਤਰ ਹਨ ਜੋ ਸ਼ਰਧਾ ਨਾਲ ਪਰਮਾਤਮਾ ਦੀ ਸਿਫਤਿ ਸਾਲਾਹ ਲਿਖਦੇ ਹਨ। ਉਸ ਮਨੁੱਖ ਨੇ ਸਮਝੋ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਤੇ ਸਾਰੇ ਪੁੰਨ ਕਰਮ ਕਰ ਲਏ।

***ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥***
***ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥***
***ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ ॥***
***ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ ॥***

*(ਅੰਗ ੩੨੨)*

ਨਾਮ ਜਪਣ ਦਾ ਇੰਨਾ ਮਹਾਤਮ ਸੁਣ ਕੇ ਵੀ ਜੋ ਜਿਹਬਾ ਨਾਮ ਜਪਣ ਵਿੱਚ ਆਲਸ ਕਰਦੀ ਹੈ ਭਗਤ ਨਾਮਦੇਵ ਜੀ ਕਹਿੰਦੇ ਹਨ, ਉਸ ਜੀਭ ਦੇ ਸੌ ਟੋਟੇ ਕਰ ਦੇਣੇ ਚਾਹੀਦੇ ਹਨ।

***ਰੇ ਜਿਹਬਾ ਕਰਉ ਸਤ ਖੰਡ ॥***
***ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥***

*(ਅੰਗ ੧੧੬੩)*

ਪੰਜਵੇਂ ਪਾਤਸ਼ਾਹ ਜੀ ਕਹਿੰਦੇ ਹਨ ਜਿਹੜੀ

ਜੀਭ ਪਰਮਾਤਮਾ ਦਾ ਨਾਮ ਨਹੀਂ ਜਪਦੀ ਉਹ ਤਿਲ-ਤਿਲ ਕਰਕੇ ਕੱਟ ਦੇਣ ਦੇ ਯੋਗ ਹੈ।

***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥***

*(ਅੰਗ ੧੩੬੩)*

ਭਗਤ ਕਬੀਰ ਜੀ ਕਹਿੰਦੇ ਹਨ ਜੋ ਮਨੁੱਖ ਪ੍ਰੇਮ ਨਾਲ ਪ੍ਰਭੂ ਦਾ ਨਾਮ ਗਾਉਂਦਾ ਹੈ ਜਾਂ ਕੰਨਾਂ ਨਾਲ ਸੁਣਦਾ ਹੈ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ, ਉਹ ਜ਼ਰੂਰ ਪਰਮਗਤੀ ਨੂੰ ਪ੍ਰਾਪਤ ਹੋਵੇਗਾ।

***ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥***

***ਕਹੁ ਕਬੀਰ ਸੰਸਾ ਨਹੀ***

***ਅੰਤਿ ਪਰਮ ਗਤਿ ਪਾਇ ॥੪॥੧॥੪॥੫੫॥***

*(ਅੰਗ ੩੩੫)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਲਿਖ ਕੇ ਦੇ ਗਏ ਹਨ ਕਿ ਜਿਹਬਾ (ਰਸਨਾ, ਜੀਭ) ਨਾਲ ਪ੍ਰਭੂ ਦੇ ਗੁਣ ਗਾਓ, ਕੰਨਾਂ ਨਾਲ ਨਾਮ ਸੁਣੋ, ਤੁਸੀਂ ਕਦੇ ਜਮਾਂ ਦੇ ਘਰ (ਨਰਕ) ਵਿੱਚ ਨਹੀਂ ਪਵੋਗੇ।

***-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

❁❁❁

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਿਫਤਿ ਸਾਲਾਹ ਦੇ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਕੈਸ਼ ਜਮ੍ਹਾਂ ਕਰਵਾਉਣ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850

2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ

ਖਾਤਾ ਨੰ. 55031111026 — ਬੈਂਕ :- ਸਟੇਟ ਬੈਂਕ ਆਫ ਇੰਡੀਆ

IFSC ਕੋਡ ਨੰ. SBIN0050245 — ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਸਵਾਲ ਜਵਾਬ ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

**6. ਸਵਾਲ: ਸਤਿਕਾਰਯੋਗ ਵੀਰ ਜੀ, ਪਰਮਾਰਥ ਦੇ ਰਾਹ 'ਤੇ ਤੁਰਦਿਆਂ ਲੋਕ ਆਮ ਵਡਿਆਈਆਂ ਕਰਨ ਲੱਗ ਜਾਂਦੇ ਹਨ। ਉਸ ਵੇਲੇ ਹਉਮੈ ਵੀ ਆ ਜਾਂਦੀ ਹੈ। ਇਸ ਚੀਜ਼ ਤੋਂ ਕਿਵੇਂ ਬਚਿਆ ਜਾਵੇ?**

**ਜਵਾਬ:** ਪਹਿਲੀ ਗੱਲ ਇਹ ਹੈ ਕਿ ਪਰਮਾਰਥ ਵਿੱਚ ਹਮੇਸ਼ਾ ਆਪਣੇ ਤੋਂ ਵੱਡੇ ਨੂੰ ਦੇਖੋ ਅਤੇ ਦੁਨਿਆਵੀ ਪੱਖ ਵਿੱਚ ਆਪਣੇ ਤੋਂ ਛੋਟੇ ਨੂੰ ਦੇਖੋ ਤਾਂ ਹਮੇਸ਼ਾਂ ਸੁਖੀ ਰਹੋਗੇ। ਭਾਵ ਜੇ ਤੁਸੀਂ 5 ਵਜੇ ਉਠਦੇ ਹੋ ਪਰ ਜੋ ਤੁਹਾਡੇ ਤੋਂ ਵੀ ਪਹਿਲਾਂ ਉੱਠਦਾ ਹੈ, ਉਸ ਵੱਲ ਵੇਖੋ, ਫਿਰ ਹਉਮੈ ਨਹੀਂ ਆਵੇਗੀ। ਬਾਕੀ ਪਰਮਾਰਥ ਦੇ ਰਸਤੇ ਵਿੱਚ ਇਹ ਵੀ ਜ਼ਰੂਰ ਸੋਚੋ ਕਿ ਜੇਕਰ ਮੇਰਾ ਸਰੀਰ ਕਿਸੇ ਕਾਰਨ ਕਰਕੇ ਠੀਕ ਨਾ ਹੁੰਦਾ ਤਾਂ ਮੈਂ ਮੰਜੇ ਤੋਂ ਉੱਠ ਨਹੀਂ ਸਕਣਾ ਸੀ ਤੇ ਜਿਸ ਨਾਲ ਸੇਵਾ ਵੀ ਨਹੀਂ ਹੋ ਸਕਣੀ ਸੀ। ਇਸ ਕਰਕੇ ਉਸ ਪਰਮੇਸ਼ਰ ਦੀ ਕਿਰਪਾ ਹੈ, ਉਸ ਦਾ ਤਰਸ ਹੈ ਕਿ ਉਹ ਇਸ ਸਰੀਰ ਤੋਂ ਸੇਵਾ ਲੈ ਰਿਹਾ ਹੈ।

***ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ॥***

*(ਅੰਗ ੧੦੧੧)*

❁❁❁

**7. ਸਵਾਲ: ਸਤਿਕਾਰਯੋਗ ਵੀਰ ਜੀ, ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀਆਂ ਕਰਨ ਦਾ ਕਿਹੜਾ ਸਮਾਂ ਸਭ ਤੋਂ ਚੰਗਾ ਹੁੰਦਾ ਹੈ? ਕਿਸ ਸਮੇਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਭ ਤੋਂ ਜ਼ਿਆਦਾ ਸੁਣਦੇ ਹਨ?**

**ਜਵਾਬ:** ਸਮਾਂ ਕੋਈ ਵੀ ਹੋਵੇ, ਚੰਗਾ ਹੀ ਹੁੰਦਾ ਹੈ ਪਰ ਅੰਮ੍ਰਿਤ ਵੇਲੇ ਦੀ ਜ਼ਿਆਦਾ ਮਹਾਨਤਾ ਹੈ। ਤੀਸਰੇ ਪਾਤਸ਼ਾਹ ਜੀ ਦਾ ਪਵਿੱਤਰ ਗੁਰਬਾਣੀ ਵਿੱਚ ਫ਼ਰਮਾਨ ਹੈ:

***ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥***

*(ਅੰਗ ੧੨੮੫)*

ਬੇਨਤੀ ਕਰਨ ਦੀ ਜੁਗਤੀ ਵੀ ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਸਤਿਗੁਰੂ ਜੀ ਦੇ ਕਮਰੇ ਵਿੱਚ ਜਾਂਦੇ ਸਾਰੀ ਹੀ ਸ਼ੁਰੂ ਹੋ ਜਾਓ ਕਿ ਬਾਬਾ ਜੀ, ਇਹ ਚਾਹੀਦਾ ਹੈ, ਉਹ ਚਾਹੀਦਾ ਹੈ। ਸਭ ਤੋਂ ਪਹਿਲਾਂ

ਆਪਣਾ ਨਿਤਨੇਮ ਪੂਰਾ ਕਰੋ। ਫਿਰ ਆਪਣੀ ਬੇਨਤੀ ਕਰੋ। ਦੂਸਰਾ ਤਰੀਕਾ ਇਹ ਹੈ ਕਿ ਜਦੋਂ ਸਿਮਰਨ ਵਿੱਚ ਜੁੜੇ ਹੋਵੋ ਤਾਂ ਸੂਖਸ਼ਮ ਰੂਪ ਵਿੱਚ ਆਪਣੀਆਂ ਬੇਨਤੀਆਂ ਸੁਰਤੀ ਨਾਲ ਉਸ ਵੇਲੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਰੱਖ ਦਿਆ ਕਰੋ, ਸਤਿਗੁਰੂ ਜੀ ਆਪੇ ਮਿਹਰ ਕਰਨਗੇ।

❁❁❁

**8. ਸਵਾਲ: ਸਤਿਕਾਰਯੋਗ ਵੀਰ ਜੀ, ਸਮਾਂ ਪਾਸ ਕਰਨ ਅਤੇ ਸਮਾਂ ਸਫਲ ਕਰਨ ਵਿੱਚ ਕੀ ਫ਼ਰਕ ਹੈ?**

**ਜਵਾਬ:** ਗੁਰਸਿੱਖਾਂ ਨੇ ਸਮਾਂ ਪਾਸ ਨਹੀਂ ਕਰਨਾ ਸਗੋਂ ਗੁਰਸਿੱਖ ਨੇ ਆਪਣਾ ਸਮਾਂ ਸਫਲਾ ਕਰਨਾ ਹੈ। ਇੱਕ ਵਾਰ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਰੇਲ ਵਿੱਚ ਸਫ਼ਰ ਕਰ ਰਹੇ ਸਨ ਅਤੇ ਉਨ੍ਹਾਂ ਦਾ ਮਨ ਗੁਰੂ ਸਾਹਿਬ ਦੇ ਚਰਨਾਂ ਨਾਲ ਜੁੜਿਆ ਪਿਆ ਸੀ। ਕੁਝ ਸਮੇਂ ਬਾਅਦ ਜਦੋਂ ਬਾਬਾ ਜੀ ਨੇ ਅੱਖਾਂ ਖੋਲ੍ਹੀਆਂ ਤੇ ਦੇਖਿਆ ਕਿ ਕੁਝ ਨੌਜਵਾਨ ਸਾਹਮਣੀਆਂ ਸੀਟਾਂ 'ਤੇ ਬੈਠ ਕੇ ਤਾਸ਼ ਖੇਡ ਰਹੇ ਸਨ। ਬਾਬਾ ਜੀ ਨੇ ਸੋਚਿਆ ਕਿ ਚਲੋ ਥੋੜ੍ਹੇ ਸਮੇਂ ਬਾਅਦ ਇਹ ਤਾਸ਼ ਖੇਡਣ ਤੋਂ ਹੱਟ ਜਾਣਗੇ ਤੇ ਫਿਰ ਅੱਖਾਂ ਬੰਦ ਕਰ ਲਈਆਂ ਅਤੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਜੁੜ ਗਏ। ਕੁਝ ਸਮੇਂ ਮਗਰੋਂ ਜਦੋਂ ਦੁਬਾਰਾ ਅੱਖਾਂ ਖੋਲ੍ਹੀਆਂ ਤਾਂ ਬਾਬਾ ਜੀ ਨੇ ਦੇਖਿਆ ਕਿ ਉਹ ਨੌਜਵਾਨ ਉਸੇ ਤਰ੍ਹਾਂ ਹੀ ਤਾਸ਼ ਖੇਡਣ ਵਿੱਚ ਮਸਰੂਫ ਸਨ। ਬਾਬਾ ਜੀ ਨੇ ਉਨ੍ਹਾਂ ਨੌਜਵਾਨਾਂ ਨੂੰ ਪੁੱਛਿਆ ਕਿ ਤੁਸੀਂ ਤਾਸ਼ ਕਿਉਂ ਖੇਡ ਰਹੇ ਹੋ? ਉਨ੍ਹਾਂ ਨੌਜਵਾਨਾਂ ਨੇ ਕਿਹਾ ਕਿ ਬਾਬਾ ਜੀ! ਅਸੀਂ ਟਾਈਮ ਪਾਸ ਕਰ ਰਹੇ ਹਾਂ। ਬਾਬਾ ਜੀ ਨੇ ਉਪਦੇਸ਼ ਦਿੱਤਾ ਕਿ ਭਾਈ, ਸਿੱਖ ਨੇ ਸਮਾਂ ਪਾਸ ਨਹੀਂ ਕਰਨਾ, ਸਗੋਂ ਸਫਲਾ ਕਰਨਾ ਹੈ।

ਮਹਾਂਪੁਰਸ਼ ਵੀ ਬਚਨ ਕਰਦੇ ਸਨ ਕਿ ਤੁਸੀਂ ਇੱਕ ਪਾਠ ਸੁਖਮਨੀ ਸਾਹਿਬ ਜੀ ਦਾ ਕਰ ਲਵੋ, ਪੁੰਨ ਬਣ ਜਾਣਗੇ ਪਰ ਦੋ ਘੰਟੇ ਟੀ.ਵੀ. 'ਤੇ ਰੰਗ ਤਮਾਸ਼ੇ ਦੇਖ ਲਓ, ਜਿੰਨੇ ਪੁੰਨ ਬਣੇ ਸਨ, ਸਾਰੇ ਹੀ ਸੜ ਜਾਣਗੇ। ਜੇਕਰ ਤੁਸੀਂ ਟੀ.ਵੀ. ਬਿਨਾਂ ਨਹੀਂ ਰਹਿ ਸਕਦੇ ਤਾਂ ਇੱਕ ਕੰਮ ਕਰ ਸਕਦੇ ਹੋ। ਟੀ.ਵੀ. 'ਤੇ ਜੋ ਧਾਰਮਿਕ ਪ੍ਰੋਗਰਾਮ ਵਾਲਾ ਚੈਨਲ ਆਉਂਦਾ ਹੈ, ਉਹ ਵੇਖੋ। ਜੇਕਰ ਰੇਲ ਗੱਡੀ, ਬੱਸ ਵਿੱਚ ਸਫ਼ਰ ਕਰ ਰਹੇ ਹੋ ਜਾਂ ਕਾਰ ਵਿੱਚ ਕਿਤੇ ਜਾ ਰਹੇ ਹੋ ਤੇ ਧਾਰਮਿਕ ਸੀ.ਡੀ. ਲਗਾ ਕੇ ਸੁਣ ਲਵੋ। ਇਸ ਨਾਲ ਤੁਹਾਡਾ ਸਮਾਂ ਪਾਸ ਵੀ ਹੋ ਜਾਵੇਗਾ ਤੇ ਸਮਾਂ ਸਫਲਾ ਵੀ ਹੋ ਜਾਵੇਗਾ। ਜਿਵੇਂ ਗੁਰਬਾਣੀ ਵਿੱਚ ਫ਼ਰਮਾਨ ਹੈ:

***ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥***

*(ਅੰਗ ੪੪)*

❁❁❁

**9. ਸਵਾਲ: ਸਤਿਕਾਰਯੋਗ ਵੀਰ ਜੀ, ਗੁਰਸਿੱਖ ਕਿਸ ਨੂੰ ਕਹਿੰਦੇ ਹਨ?**

**ਜਵਾਬ:** ਗੁਰਸਿੱਖ ਕਰਨੀ ਦਾ ਨਾਂ ਹੈ, ਕਹਿਣੀ ਦਾ ਨਹੀਂ। ਗੁਰਸਿੱਖ ਉਹ ਹੈ ਜੋ 24 ਘੰਟੇ ਵਿੱਚੋਂ ਘੱਟ ਤੋਂ ਘੱਟ ਢਾਈ ਘੰਟੇ ਆਪਣੇ ਗੁਰੂ ਨੂੰ ਦੇਵੇ। ਇੱਥੇ ਇਹ ਜ਼ਰੂਰੀ ਨਹੀਂ ਕਿ ਇੱਕ ਸਮੇਂ ਵਿੱਚ ਹੀ ਢਾਈ ਘੰਟੇ ਪੂਰੇ ਕਰੇ। ਗੁਰਸਿੱਖ ਥੋੜ੍ਹਾ-ਥੋੜ੍ਹਾ ਸਮਾਂ ਕਰਕੇ ਵੀ ਢਾਈ ਘੰਟੇ ਦਾ ਸਮਾਂ ਪੂਰਾ ਕਰ ਸਕਦਾ ਹੈ। ਗੁਰਸਿੱਖ ਉਹ ਹੈ ਜੋ ਸਮੇਂ ਦੇ ਦਸਵੰਧ ਦੇ ਨਾਲ-ਨਾਲ ਆਪਣੀ ਕਿਰਤ ਕਮਾਈ ਦਾ ਵੀ ਦਸਵਾਂ ਹਿੱਸਾ ਕੱਢੇ। ਗੁਰਸਿੱਖ ਸ਼ੁਭ ਕਰਮ ਕਰੇ, ਨਿਮਰਤਾ ਤੇ ਮਿੱਠ ਬੋਲੜਾ ਸੁਭਾਅ ਰੱਖੇ। ਭਾਈ ਗੁਰਦਾਸ ਜੀ ਵਾਰਾਂ ਵਿੱਚ ਉਚਾਰਨ ਕਰਦੇ ਹਨ:

***ਗੁਰ ਸਿਖ ਮਿਠਾ ਬੋਲਣਾ ਨਿਵਿ ਚਲਣਾ ਗੁਰਸਿਖੁ ਪਰਵਾਣਾ।***

*(ਵਾਰ ੩੨, ਪਉੜੀ ੧)*

❁❁❁

*—ਬਾਕੀ ਹਿੱਸਾ ਪੰਨਾ 34 'ਤੇ ਪੜ੍ਹੋ ਜੀ*



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਗੁਰੂ ਚਰਨਾਂ ਵਿੱਚ ਬੈਠ ਕੇ ਤਪਦੇ ਹਿਰਦੇ ਨੂੰ ਸਕੂਨ ਪ੍ਰਾਪਤ ਹੁੰਦਾ ਹੈ। ਗੁਰਬਾਣੀ ਕਥਾ-ਕੀਰਤਨ ਸਰਵਣ ਕਰਕੇ ਜੀਵਨ ਸੇਧ ਪ੍ਰਾਪਤ ਹੁੰਦੀ ਹੈ। ਲਖਨਊ ਦੀ ਸੰਗਤ ਦੀਵਾਨਾਂ ਵਿੱਚ ਮਹਾਂਪੁਰਖਾਂ ਦੇ ਕੀਰਤਨ ਅਤੇ ਵਖਿਆਨ ਸਰਵਣ ਕਰਕੇ ਲਾਹੇ ਪ੍ਰਾਪਤ ਕਰ ਰਹੀ ਸੀ।

ਬਲਬੀਰ ਸਿੰਘ ਨੇ ਘਰ ਵਿੱਚ ਅਖੰਡ ਪਾਠ ਪ੍ਰਕਾਸ਼ ਕਰਵਾਏ। ਬਲਬੀਰ ਸਿੰਘ ਅਤੇ ਨਿਰੰਜਨ ਕੌਰ ਪਤੀ-ਪਤਨੀ ਦੋਨਾਂ ਨੇ ਸੰਗਤ ਦੀ ਸੇਵਾ ਬੜੇ ਚਾਉ ਨਾਲ ਕੀਤੀ। ਬਲਵੰਤ ਸਿੰਘ ਜੀ ਦੇ ਵੱਡੇ ਭਰਾ ਗੁਰਮੁਖ ਸਿੰਘ ਜੋ ਦਾਨਾਪੁਰ ਰਹਿੰਦੇ ਸਨ, ਸੰਗਤ ਲੈ ਕੇ ਹਾਜ਼ਰੀ ਭਰਨ ਆਉਂਦੇ। ਗੁਰਮੁਖ ਸਿੰਘ ਜੀ ਵੀ ਰੇਲਵੇ ਵਿੱਚ ਅਫ਼ਸਰ ਸਨ।

ਦਾਨਾਪੁਰ ਤੋਂ ਆਉਣ ਵਾਲੀ ਸੰਗਤ ਨੇ ਸਲਾਹ ਕੀਤੀ ਕਿ ਬਾਬਾ ਜੀ ਨੂੰ ਦਾਨਾਪੁਰ ਵਿਖੇ ਸਮਾਂ ਦੇਣ ਦੀ ਬੇਨਤੀ ਕੀਤੀ ਜਾਵੇ ਤਾਂ ਜੋ ਉਹ ਸੰਗਤ ਵੀ ਲਾਭ ਲੈ ਸਕੇ ਜੋ ਆਉਣ ਤੋਂ ਵਾਂਝੀ ਰਹਿ ਗਈ ਸੀ। ਇਨ੍ਹਾਂ ਦਾ ਪ੍ਰੇਮ ਦੇਖ ਕੇ ਬਾਬਾ ਜੀ ਨੇ ਦਸ ਦਿਨਾਂ ਦਾ ਸਮਾਂ ਦੇ ਦਿੱਤਾ। ਦਾਨਾਪੁਰ ਇੱਕ ਕਸਬਾ ਸੀ ਜੋ ਹੁਣ ਪਟਨੇ ਵਿੱਚ ਹੀ ਸਮਾ ਗਿਆ ਹੈ। ਸ਼ਹਿਰ ਵਧਦਾ-ਵਧਦਾ ਕਈ ਪਿੰਡਾਂ ਕਸਬਿਆਂ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ।

ਪੰਦਰਾਂ ਦਿਨ ਲਖਨਊ ਦੇ ਵਿੱਚ ਸੰਗਤ ਨਾਲ ਗੁਰਮਤਿ ਦੀ ਸਾਂਝ ਪਾਉਣ ਉਪਰੰਤ ਮਹਾਂਪੁਰਖ ਜੱਥੇ ਸਮੇਤ ਦਾਨਾਪੁਰ ਪਹੁੰਚੇ। ਆਪ ਜੀ ਦੀ ਰਿਹਾਇਸ਼ ਦਾ ਪ੍ਰਬੰਧ ਰੇਲਵੇ ਦੇ ਸਰਕਾਰੀ ਬੰਗਲੇ ਵਿੱਚ ਕੀਤਾ ਗਿਆ। ਜੱਥੇ ਅਤੇ ਲਖਨਊ ਤੋਂ ਨਾਲ ਆਏ ਪ੍ਰੇਮੀਆਂ ਦੀ ਰਿਹਾਇਸ਼ ਰੇਲਵੇ ਕੁਆਰਟਰਾਂ ਵਿੱਚ ਕਰਵਾਈ ਗਈ।

ਪਟਨੇ ਦੀ ਧਰਤੀ ਦਰਗਾਹ ਤੋਂ ਨਿਵਾਜੀ ਹੋਈ ਹੈ। ਕਿਉਂਕਿ ਅਸੀਂ ਸਭ ਜਾਣਦੇ ਹਾਂ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਪਾਵਨ ਧਰਤੀ ਤੇ ਹੋਇਆ। ਮਹਾਂਪੁਰਖ ਜੱਥੇ ਸਮੇਤ ਤਖ਼ਤ ਸ੍ਰੀ ਪਟਨਾ ਸਾਹਿਬ ਦਰਸ਼ਨ ਕਰਨ ਗਏ। ਜਦ ਪ੍ਰਬੰਧਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਇੱਛਾ ਪ੍ਰਗਟ ਕੀਤੀ ਕਿ ਮਹਾਂਪੁਰਖ ਕੀਰਤਨ ਦਾ ਸਮਾਂ ਦੇਣ। ਪ੍ਰਬੰਧਕਾਂ ਨਾਲ ਗੱਲ ਕਰਕੇ ਸਮਾਂ ਨਿਸ਼ਚਤ ਕੀਤਾ ਗਿਆ। ਮਹਾਂਪੁਰਖਾਂ ਨੇ ਪਟਨਾ ਸਾਹਿਬ ਵਿਖੇ ਗੁਰਧਾਮਾਂ ਦੇ ਦਰਸ਼ਨ ਕੀਤੇ। ਨਾਲ ਆਈ ਸੰਗਤ ਲਈ ਇਹ ਇੱਕ ਅਭੁੱਲ ਯਾਦ ਬਣ ਗਈ ਸੀ।

ਨੀਯਤ ਸਮੇਂ ਤੇ ਮਹਾਂਪੁਰਖਾਂ ਨੇ ਤਖ਼ਤ ਸਾਹਿਬ ਵਿਖੇ ਕੀਰਤਨ ਕੀਤਾ। ਆਪ ਜੀ ਨੇ ਕਲਗੀਧਰ ਪਾਤਸ਼ਾਹ ਜੀ ਦੇ ਪਿਆਰ ਵਿੱਚ ਐਸਾ ਕੀਰਤਨ ਕੀਤਾ ਕਿ ਸ਼ਹਿਰ ਭਰ ਤੋਂ ਵੱਡੀ ਗਿਣਤੀ ਵਿੱਚ ਆਈ ਸੰਗਤ ਅਤੇ ਬਾਹਰੋਂ ਆਏ ਯਾਤਰੂ ਇੱਕ ਅਕਹਿ ਰਸ ਵਿੱਚ ਲੀਨ ਹੋ ਗਏ।

ਦਾਨਾਪੁਰ ਵਿਖੇ ਇੱਕ ਦਿਨ ਪਟਨੇ ਦਾ ਇੱਕ ਵੱਡਾ ਟ੍ਰਾਂਸਪੋਰਟਰ ਕੀਰਤਨ ਸਰਵਣ ਕਰਨ ਆਇਆ। ਬਖਸ਼ੀਸ਼ ਸਿੰਘ ਨਾਮ ਦੇ ਇਸ ਟ੍ਰਾਂਸਪੋਰਟਰ ਦੀਆਂ ਕਈ ਬੱਸਾਂ ਅਤੇ ਟਰੱਕ ਚੱਲਦੇ

ਸਨ। ਭੱਠੇ ਵੀ ਸਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਉਸਨੇ ਮਹਾਂਪੁਰਖਾਂ ਨੂੰ ਘਰ ਵਿੱਚ ਚਰਨ ਪਾਉਣ ਦੀ ਬੇਨਤੀ ਕੀਤੀ।

"ਵੇਖੋ ਭਾਈ! ਘਰ ਤਾਂ ਚੱਲਾਂਗੇ ਜੇ ਇੱਕ ਬਚਨ ਮੰਨੇਂਗਾ।" ਮਹਾਂਪੁਰਖਾਂ ਨੇ ਕਿਹਾ।

"ਹੁਕਮ ਕਰੋ ਜੀ, ਬਾਬਾ ਜੀ।" ਉਸ ਨੇ ਕਿਹਾ। "ਤਾਂ ਚੱਲਾਂਗੇ ਜੇ ਮਾਸ ਸ਼ਰਾਬ ਦਾ ਤਿਆਗ ਕਰਕੇ ਅੰਮ੍ਰਿਤ ਛਕ ਲਵੇਂ।" ਮਹਾਂਪੁਰਖਾਂ ਦੇ ਬਚਨ ਨੇ ਉਸਨੂੰ ਅੰਦਰੋਂ ਖਿੱਚ ਪਾ ਲਈ। ਆਪ ਜੀ ਨੇ ਕਿਸੇ ਸੇਵਾ ਦੀ ਗੱਲ ਨਹੀਂ ਸੀ ਆਖੀ, ਬਖਸ਼ੀਸ਼ ਸਿੰਘ ਨੂੰ ਜੀਵਨ ਸਫਲਾ ਕਰਨ ਦੇ ਰਾਹ ਪੈਣ ਦਾ ਬਚਨ ਕੀਤਾ ਸੀ।

ਬਖਸ਼ੀਸ਼ ਸਿੰਘ ਨੇ ਆਪਣੇ ਜੀਵਨ ਵੱਲ ਦੇਖਿਆ। ਰੋਜ਼ ਸ਼ਾਮ ਸਾਥੀਆਂ ਨਾਲ ਮਿਲ ਕੇ ਸ਼ਰਾਬ ਪੀਣੀ। ਮੀਟ ਆਂਡੇ ਖਾਣੇ। ਜੀਵਨ ਐਸਾ ਹੋ ਗਿਆ ਸੀ ਕਿ ਇਸ ਵਿੱਚ ਕੁਝ ਗਲਤ ਨਹੀਂ ਲੱਗਦਾ ਸੀ ਸਗੋਂ ਆਪਣੇ ਪੈਸਿਆਂ ਨਾਲ ਦੋਸਤਾਂ ਨੂੰ ਪਿਆਉਣ ਵਿੱਚ ਮਾਣ ਮਹਿਸੂਸ ਕਰਨਾ।

ਅੱਜ ਉਸਨੂੰ ਇਨ੍ਹਾਂ ਗੱਲਾਂ ਤੇ ਸ਼ਰਮਿੰਦਗੀ ਮਹਿਸੂਸ ਹੋ ਰਹੀ ਸੀ। ਇੰਨਾ ਸਮਾਂ ਉਸਨੇ ਅਜਾਈਂ ਹੀ ਗਵਾ ਦਿੱਤਾ ਸੀ। ਅਜੇ ਵੀ ਭਾਗ ਚੰਗੇ ਸਨ ਜੋ ਮਹਾਂਪੁਰਖਾਂ ਦਾ ਸੰਗ ਮਿਲ ਗਿਆ, ਜਿਨ੍ਹਾਂ ਨੇ ਉਸਦੇ ਜੀਵਨ ਤੇ ਝਾਤ ਮਾਰੀ ਅਤੇ ਸੁਚੇਤ ਕੀਤਾ। ਸੁਚੇਤ ਹੀ ਨਹੀਂ ਕੀਤਾ, ਬਲ ਵੀ ਬਖਸ਼ਸ਼ ਕੀਤਾ। ਉਸਨੂੰ ਸ਼ਰਾਬ ਛੱਡਣ ਵਿੱਚ ਕੋਈ ਔਖ ਨਹੀਂ ਆਈ। ਐਬ ਛੱਡ ਕੇ ਉਸਨੇ ਖੰਡੇ ਦੀ ਪਾਹੁਲ ਪ੍ਰਾਪਤ ਕਰ ਲਈ।

ਮਹਾਂਪੁਰਖ ਉਸਦੀ ਭਾਵਨਾ ਅਨੁਸਾਰ ਉਸਦੇ ਘਰ ਗਏ ਅਤੇ ਬਹੁਤ ਖੁਸ਼ੀਆਂ ਬਖਸ਼ੀਆਂ। ਬਖਸ਼ੀਸ਼ ਸਿੰਘ ਨੂੰ ਬਖਸ਼ੀਸ਼ਾਂ ਪ੍ਰਾਪਤ ਕਰਦੇ ਦੇਖ ਉਸਦੇ ਸਾਥੀ ਅਤੇ ਹੋਰ ਟ੍ਰਾਂਸਪੋਟਰ ਵੀ ਪ੍ਰਭਾਵਿਤ ਹੋਏ। ਸ਼ਰਾਬ ਛੱਡ ਦਿੱਤੀ। ਉਹਨਾਂ ਨੇ ਵੀ ਗੁਰੂ ਵਾਲੇ ਬਣਨ ਦਾ ਨਿਸ਼ਚਾ ਕੀਤਾ।

ਇਸੇ ਤਰ੍ਹਾਂ ਦਾ ਇੱਕ ਵਰਤਾਰਾ ਕੁਝ ਸਾਲਾਂ ਬਾਅਦ ਕਲਕੱਤੇ ਹੋਇਆ। ਜਦੋਂ ਇੱਕ ਟ੍ਰਾਂਸਪੋਰਟਰ ਨੇ ਸ੍ਰੀਮਾਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਨੂੰ ਕਲਕੱਤੇ ਹੋਰ ਸਮਾਂ ਦੇਣ ਦੀ ਬੇਨਤੀ ਕੀਤੀ। ਉਸਨੂੰ ਵੀ ਅੰਮ੍ਰਿਤ ਛਕਣ ਦਾ ਬਚਨ ਹੋਇਆ ਸੀ।

ਦਾਨਾਪੁਰ ਵਿਖੇ ਬਾਬਾ ਜੀ ਪਾਸ ਦਿੱਲੀ ਤੋਂ ਇੱਕ ਪ੍ਰੇਮੀ ਦਿੱਲੀ ਦੇ ਰਹਿਣ ਵਾਲੇ ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦਾ ਸੁਨੇਹਾ ਲੈ ਕੇ ਆਇਆ। ਉਸ ਨੇ ਦੱਸਿਆ ਕਿ ਮੋਹਨ ਸਿੰਘ ਜੀ ਦੇ ਸਪੁੱਤਰ ਦਲਜੀਤ ਸਿੰਘ ਦੇ ਘਰ ਪੁੱਤਰ ਹੋਇਆ ਹੈ। ਪੋਤਾ ਹੋਣ ਦੀ ਖੁਸ਼ੀ ਵਿੱਚ ਮੋਹਨ ਸਿੰਘ ਜੀ ਨੇ ਘਰ ਵਿੱਚ ਅਖੰਡ ਪਾਠ ਪ੍ਰਕਾਸ਼ ਕਰਵਾਉਣਾ ਸੀ ਜਿਸ ਲਈ ਉਨ੍ਹਾਂ ਨੇ ਕਰਮਸਰ ਰਾੜਾ ਸਾਹਿਬ ਵਿਖੇ ਜਾ ਕੇ ਬਾਬਾ ਕਿਸ਼ਨ ਸਿੰਘ ਜੀ ਨੂੰ ਬੇਨਤੀ ਕਰਕੇ ਸਮਾਂ ਲੈ ਲਿਆ ਸੀ।

ਉਸ ਪ੍ਰੇਮੀ ਨੇ ਮਹਾਂਪੁਰਖਾਂ ਨੂੰ ਮੋਹਨ ਸਿੰਘ ਹੋਰਾਂ ਵੱਲੋਂ ਦਿੱਲੀ ਵਿਖੇ ਸਮਾਂ ਦੇਣ ਦੀ ਬੇਨਤੀ ਕੀਤੀ। ਮਹਾਂਪੁਰਖਾਂ ਨੇ ਸਮਾਂ ਦੇ ਦਿੱਤਾ। ਦਾਨਾਪੁਰ ਵਿਖੇ ਦਸ ਦਿਨਾਂ ਦਾ ਸਮਾਂ ਦੇ ਕੇ ਇੱਥੋਂ ਚਾਲੇ ਪਾ ਕੇ ਦਿੱਲੀ ਪਹੁੰਚੇ।

ਬਾਬਾ ਕਿਸ਼ਨ ਸਿੰਘ ਜੀ ਵੀ ਦਿੱਲੀ ਆ ਗਏ ਸਨ। ਦੋਨੇਂ ਮਹਾਂਪੁਰਖ ਬਹੁਤ ਪਿਆਰ ਨਾਲ ਮਿਲੇ। ਸ੍ਰੀ ਅਖੰਡ ਪਾਠ ਪ੍ਰਕਾਸ਼ ਹੋਇਆ। ਭੋਗ ਸਮੇਂ ਆਏ ਹੁਕਮਨਾਮੇ ਅਨੁਸਾਰ 'ਅ' ਅੱਖਰ ਤੋਂ ਬੱਚੇ ਦਾ ਨਾਮ ਅਜੀਤ ਸਿੰਘ ਰੱਖਿਆ ਗਿਆ।

ਬਾਬਾ ਜੀ ਛੋਟੇ ਸੰਤ ਜੀ ਨਾਲ ਹੀ ਜਾਣਾ ਚਾਹੁੰਦੇ ਸਨ ਪਰ ਮੋਹਨ ਸਿੰਘ ਹੋਣਾਂ ਨੇ ਵਾਰ-ਵਾਰ ਪ੍ਰੇਮ ਵਿੱਚ ਬੇਨਤੀਆਂ ਕਰਕੇ ਇੱਕ ਮਹੀਨੇ ਦਾ ਸਮਾਂ ਲੈ ਲਿਆ। ਸਾਰਾ ਮਹੀਨਾ ਦੀਵਾਨ ਸਜਦੇ ਰਹੇ। ਸੰਗਤ ਨੇ ਬਹੁਤ ਲਾਹਾ ਲਿਆ।

# ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ- ਧੰਨ ਧੰਨ ਭਾਈ ਗੁਰਦਾਸ ਜੀ

## ਭਾਈ ਗੁਰਦਾਸ ਜੀ ਦਾ ਗੁਰੂ ਸਾਹਿਬ ਤੇ ਭਰੋਸਾ ਕਿਤਨਾ ਕੁ ਤਕੜਾ ਸੀ।

—ਜਸਵਿੰਦਰ ਸਿੰਘ (ਪਟਿਆਲਾ)

### ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

*ਸਿਰੀਰਾਗੁ ਮਹਲਾ ੫ ਘਰੁ ੭ ॥*
*ਤੇਰੈ ਭਰੋਸੈ ਪਿਆਰੇ*
*ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ*
*ਤੂੰ ਹਰਿ ਪਿਤਾ ਮਾਇਆ ॥੧॥*
*ਸੁਹੇਲਾ ਕਹਨੁ ਕਹਾਵਨੁ ॥*
*ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥੯੭॥*
*(ਅੰਗ ੫੧)*

*ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।*
*ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥*
*ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥੧॥*
*(ਅੰਗ ੩੮੯)*

ਛੇਵੇਂ ਪਾਤਸ਼ਾਹ ਜੀ, ਆਪ ਜੀ ਸਾਡੇ ਸਮੁੰਦਰ ਹੋ। ਅਸੀਂ ਸਾਰੇ ਸਕੂਲ ਦੇ ਬੱਚੇ ਆਪ ਜੀ ਦੀਆਂ ਮੱਛੀਆਂ ਹਾਂ।

*ਮੈ ਬਨਜਾਰਨਿ ਰਾਮ ਕੀ ॥*
*ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥*
*(ਅੰਗ ੧੫੭)*

ਦਾਸ ਇਸ ਦਾ ਕੀ ਸੁਆਦ ਦੱਸੇ। ਸਾਰੀ ਸੰਗਤ ਅਰਦਾਸ ਕਰਨਾ, ਅਸੀਂ ਸਾਰੇ ਗੁਰੂ ਸਾਹਿਬ ਦੇ ਵਣਜਾਰੇ ਬਣ ਜਾਈਏ। ਜਿਹੜਾ ਗੁਰੂ ਸਾਹਿਬ ਦਾ ਵਣਜਾਰਾ ਬਣ ਜਾਂਦਾ ਹੈ, ਉਹ ਕਿਸੇ ਦੇ ਘਰ ਚਾਹ ਪੀਣ ਵੀ ਜਾਂਦਾ ਹੈ, ਉੱਥੇ ਵੀ ਟੁੱਟੇ ਨੂੰ ਗੁਰੂ ਚਰਨਾਂ ਨਾਲ ਜੋੜ ਆਉਂਦਾ ਹੈ। ਉਹ ਕਿਸੇ ਵਿਆਹ ਤੇ ਜਾਂਦਾ ਹੈ, ਉੱਥੇ ਵੀ ਕਿਸੇ ਟੁੱਟੇ ਨੂੰ ਗੁਰੂ ਚਰਨਾਂ ਨਾਲ ਜੋੜ ਆਉਂਦਾ ਹੈ। ਉਹ ਕਿਸੇ ਫੰਕਸ਼ਨ ਤੇ ਜਾਂਦਾ ਹੈ, ਉੱਥੇ ਵੀ ਕਿਸੇ ਟੁੱਟੇ ਨੂੰ ਗੁਰੂ ਚਰਨਾਂ ਨਾਲ ਜੋੜ ਆਉਂਦਾ ਹੈ। ਉਸ ਨੂੰ ਕੋਈ ਮਿਲਣ ਵੀ ਆਉਂਦਾ ਹੈ ਤੇ ਟੁੱਟੇ ਨੂੰ ਜੋੜ ਦਿੰਦਾ ਹੈ। ਉਹ ਆਪ ਵੀ ਨਾਮ ਦਾ ਵਪਾਰ ਕਰਦਾ ਹੈ ਤੇ ਦੂਜਿਆਂ ਨੂੰ ਵੀ ਨਾਮ ਦਾ ਵਪਾਰੀ ਬਣਾ ਦਿੰਦਾ ਹੈ।

ਇੱਕ ਹੈ ਤਨਖਾਹ ਲਈ ਤੇ ਡਿਊਟੀ ਦਿੱਤੀ।

ਇੱਕ ਹੈ, ਵਣਜਾਰਨ ਤਨਖਾਹ ਲੈ ਰਹੀ ਹੈ, 40 ਬੱਚੇ ਉਸ ਦੇ ਹਿੱਸੇ ਹਨ, ਦੁਨਿਆਵੀ ਪੜ੍ਹਾਈ ਕਰਵਾਉਂਦਿਆਂ-ਕਰਵਾਉਂਦਿਆਂ ਵਿੱਚ ਵਿੱਚ ਦੋ-ਦੋ, ਚਾਰ-ਚਾਰ ਬੱਚਿਆਂ ਨੂੰ ਇਹ ਵੀ ਪੁੱਛ ਲੈਂਦੀ ਹੈ, ਬੇਟਾ, ਨਿਤਨੇਮ ਕਿੰਨਾ ਕਰਦੇ ਹੋ? ਨਾਲ ਦੁਨਿਆਵੀ ਪੜ੍ਹਾਈ ਵੀ ਟੀਚਰ ਕਰਵਾ ਰਹੀ ਹੈ ਤੇ ਨਾਲ-ਨਾਲ ਲਾਡ ਨਾਲ ਇਹ ਵੀ ਪ੍ਰੇਰਨਾ ਦੇ ਰਹੀ ਹੈ, ਕੱਲ੍ਹ ਇੰਨੇ ਪਾਠ ਕਰਕੇ ਆਉਣਾ, ਇੰਨਾ ਸਿਮਰਨ ਕਰਕੇ ਆਉਣਾ। ਦਾਸ ਬੇਨਤੀ ਕਰਦਾ ਹੈ ਕਿ ਛੇਵੇਂ ਪਾਤਸ਼ਾਹ ਜੀ ਇਹੋ ਜਿਹੀਆਂ ਟੀਚਰਾਂ ਦੀਆਂ ਝੋਲੀਆਂ ਵਿੱਚ ਦੋਵੇਂ ਬੁੱਕਾਂ ਖੋਲ੍ਹ ਦੇਣਗੇ ਜਿਨ੍ਹਾਂ ਨੂੰ ਇਹ ਨਸ਼ਾ ਲੱਗ ਗਿਆ ਕਿ ਜਿੰਨੀ ਇਸ ਜਗਤ ਵਿੱਚ ਮੇਰੇ ਕੋਲੋਂ ਮੇਰੇ ਪਿਤਾ ਜੀ ਡਿਊਟੀ ਲੈ ਰਹੇ ਹਨ, ਉਸ ਡਿਊਟੀ ਵਿੱਚ ਦੁਨਿਆਵੀ ਕਾਰਜ ਵੀ ਕਰਵਾਈ ਜਾਣਾ ਤੇ ਨਾਲ-ਨਾਲ:

***ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ ॥੨੧੫॥***

*(ਅੰਗ ੧੩੭੬)*

ਨਾਲ-ਨਾਲ ਇਸ ਨਾਮ ਨਾਲ ਵੀ ਬੱਚਿਆਂ ਨੂੰ ਜੋੜੀ ਜਾਵਾਂ।

***ਮੈ ਬਨਜਾਰਨਿ ਰਾਮ ਕੀ ॥***
***ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥***

*(ਅੰਗ ੧੫੭)*

ਇਹ ਅਸੀਂ ਆਪ ਜੀ ਕੋਲੋਂ ਲਾਡ ਵਿੱਚ ਮੰਗਦੇ ਹਾਂ:

***ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥***
***ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥***

*(ਅੰਗ ੫੧)*

ਅਸੀਂ ਲੜਾਈਆਂ ਕਰਨ ਨਹੀਂ ਆਏ। ਕਿਸੇ ਇਹ ਕਹਿ ਦਿੱਤਾ, ਕਿਸੇ ਇਹ ਕਹਿ ਦਿੱਤਾ, ਇਸ ਕੰਮ ਵਾਸਤੇ ਨਹੀਂ ਆਏ। ਇਨ੍ਹਾਂ ਵਿੱਚ ਫਸ ਗਏ ਤੇ ਅੰਦਰਲਾ ਰੂਹਾਨੀ ਵਿਕਾਸ ਰੁਕ ਜਾਵੇਗਾ। ਸਾਰੀਆਂ ਸੰਗਤਾਂ ਵਣਜਾਰਨਾਂ ਬਣੋ, ਜੇ ਇੱਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਈ ਪੌਣਾ ਘੰਟਾ ਵੀ ਰਸਤੇ ਵਿੱਚ ਲੱਗਦਾ ਹੈ ਤੇ ਇਸ ਪੌਣੇ ਘੰਟੇ ਵਿੱਚ ਪੰਜ ਪਾਠ ਜਪੁਜੀ ਸਾਹਿਬ ਦੀ ਹਾਜ਼ਰੀ ਲਗਾਉਣੀ ਹੈ। ਇਹ ਹੈ, ਨਾਮ ਦਾ ਵਪਾਰ। ਇਹ ਹਨ, ਵਣਜਾਰਨਾਂ। ਹਰ ਪੱਖ, ਹਰ ਪਲ ਕਿਧਰੇ ਜਾਣਾ ਹੈ, ਵਪਾਰ ਹੀ ਉਸ ਪਿਆਰੇ ਦਾ ਕਰਨਾ ਹੈ।

***ਮੈ ਬਨਜਾਰਨਿ ਰਾਮ ਕੀ ॥***
***ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥***

*(ਅੰਗ ੧੫੭)*

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***

*(ਵਾਰ ੧੯, ਪਉੜੀ ੧੨)*

ਇਹ ਕਿਹੜਾ ਦੇਸ਼ ਹੈ ਜਿੱਥੇ ਗੁਰੂ ਸਾਹਿਬ ਆਪ ਜੀ ਨੂੰ ਲਿਜਾਉਣਾ ਚਾਹੁੰਦੇ ਹਨ। ਇੱਕ ਦੇਸ਼ ਹੈ, ਜਿੱਥੇ ਬੰਦਾ ਸੋਚਦਾ ਹੈ, ਮੇਰਾ ਕੰਮ ਵਿੱਚ ਲਾਭ ਕਿੰਨਾ ਹੋਵੇਗਾ। ਇੱਕ ਦੇਸ਼ ਹੈ ਜਿੱਥੇ ਬੰਦਾ ਕਹਿੰਦਾ ਹੈ, ਮੇਰਾ ਲਾਭ ਹੋਵੇ ਨਾ ਹੋਵੇ, ਦੂਜੇ ਨੂੰ ਲਾਭ ਕਿੰਨਾ ਹੋਵੇਗਾ। ਆਪ ਗਵਾਇਆ। ਆਪਣੇ ਆਪ ਨੂੰ ਗਵਾ ਲੈਂਦਾ ਹੈ।

***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***

*(ਵਾਰ ੧੯, ਪਉੜੀ ੧੨)*

ਸੰਗਤ ਜੀ, ਉਹ ਹਿਰਦੇ ਵਿੱਚ, ਨੇਤਰਾਂ ਵਿੱਚ ਨਸ਼ਾ ਲਿਆਓ ਕਿ ਛੇਵੇਂ ਪਾਤਸ਼ਾਹ ਜੀ ਦੀਆਂ ਧੀਆਂ ਹਾਂ, ਪੁੱਤਰ ਹਾਂ। ਇਹੋ ਜਿਹਾ ਨਸ਼ਾ ਲਿਆਓ। ਦਾਸ ਬਿਲਕੁਲ ਸੱਚਾਈ ਬੋਲ ਰਿਹਾ ਹੈ। ਧਰਤੀ ਦਾ ਕੋਈ ਗੁਣ ਅਜਿਹਾ ਨਹੀਂ ਜਿਸ ਵਿੱਚ ਛੇਵੇਂ ਪਾਤਸ਼ਾਹ ਜੀ ਹਜ਼ੂਰ ਦੇ ਜੀਵਨ ਵਿੱਚੋਂ ਦਰਸ਼ਨ ਨਾ ਹੁੰਦੇ ਹੋਣ, ਭਰੇ ਹੀ ਪਏ ਹਨ, ਮਿੱਠੇ ਹੀ ਮਿੱਠੇ, ਪੁੱਛੋ ਹੀ ਕੁਝ ਨਾ, ਰਖਵਾਲੇ ਵੀ ਹਨ, ਗਰੀਬ ਨਿਵਾਜ ਵੀ ਹਨ, ਦੋ ਜਹਾਨ ਦੇ ਵਾਲੀ ਵੀ ਹਨ।

ਸੰਗਤ ਜੀ ਅੱਜ ਅਸੀਂ ਦਰਸ਼ਨ ਕਰਨੇ ਹਨ-

**ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ :**

***ਧੰਨ ਧੰਨ ਭਾਈ ਗੁਰਦਾਸ ਜੀ।***



ਭਾਈ ਗੁਰਦਾਸ ਜੀ ਵਿਦਵਾਨ ਵੀ ਹਨ, ਲਿਖਾਰੀ ਵੀ ਹਨ, ਵਿਦਿਆ ਮਾਰਤੰਡ ਵੀ ਹਨ, ਕਵੀ ਵੀ ਹਨ, ਬੰਦਗੀ ਵਾਲੇ ਵੀ ਹਨ ਤੇ ਭਾਈ ਗੁਰਦਾਸ ਜੀ ਸਿਦਕੀ ਸਿੱਖ ਵੀ ਹਨ।

ਜਦੋਂ ਪ੍ਰਿਥੀ ਚੰਦ ਜੀ ਨੇ ਪੂਰਾ ਆਪਣਾ ਜਾਲ ਵਿਛਾਉਣਾ ਚਾਹਿਆ ਤੇ ਭਾਈ ਗੁਰਦਾਸ ਜੀ ਨੇ ਦਰਦ ਰੱਖਿਆ ਕਿ ਮੇਰੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ, ਧੰਨ ਗੁਰੂ ਅਮਰਦਾਸ ਜੀ ਮਹਾਰਾਜ, ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਜੋੜੀ ਹੋਈ ਸੰਗਤ ਕਿਤੇ ਟੁੱਟ ਨਾ ਜਾਵੇ ਕਿਉਂਕਿ ਸੰਗਤ ਨੇ ਅਰਦਾਸਾਂ ਕਰਨੀਆਂ ਹਨ ਤੇ ਪ੍ਰਿਥੀ ਚੰਦ ਤੋਂ ਪੂਰੀਆਂ ਨਹੀਂ ਹੋਣੀਆਂ। ਇਸ ਲਈ ਕਿਤੇ ਸੰਗਤ ਟੁੱਟ ਨਾ ਜਾਵੇ, ਜਿੱਥੇ ਜੋਤ ਹੈ, ਉੱਥੇ ਸੰਗਤ ਜੁੜ ਜਾਵੇ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਚਰਨਾਂ ਵਿੱਚ। ਇਸ ਵਾਸਤੇ ਭਾਈ ਗੁਰਦਾਸ ਜੀ ਨੇ ਮੀਣਿਆਂ ਤੋਂ ਸੰਗਤ ਨੂੰ ਸੁਚੇਤ ਕਰਵਾਇਆ। ਅੱਜ ਭਾਈ ਗੁਰਦਾਸ ਜੀ ਦੇ ਗੁਣਾਂ ਵਿੱਚੋਂ ਦਰਸ਼ਨ ਕਰਨਾ, ਸਭ ਤੋਂ ਵੱਡਾ ਗੁਣ ਗੁਰੂ ਸਾਹਿਬ ਪ੍ਰਤੀ ਭਰੋਸੇ ਦਾ ਗੁਣ।

ਦਾਸ ਹੈਰਾਨ ਸੀ, ਭਰੋਸੇ ਦੇ ਗੁਣ ਤੇ ਜਦੋਂ ਵਿਚਾਰ ਹੁੰਦੀ ਸੀ, ਮਾਤਾ ਸੁਲੱਖਣੀ ਜੀ ਦੀ। ਮਾਤਾ ਸੁਲੱਖਣੀ ਜੀ ਛੇਵੇਂ ਪਾਤਸ਼ਾਹ ਜੀ ਕੋਲ ਗਏ, ਪੁੱਤਰ ਮੰਗਿਆ, ਮਹਾਰਾਜ ਜੀ ਨੇ ਕਿਹਾ, ਤੇਰੇ ਕਰਮਾਂ ਵਿੱਚ ਨਹੀਂ। ਜਦੋਂ ਬਾਹਰ ਆ ਗਈ, ਕਿਧਰੇ ਲਿਖਿਆ ਹੈ ਬਾਬਾ ਬੁੱਢਾ ਸਾਹਿਬ ਜੀ ਮਿਲੇ, ਕਿਧਰੇ ਲਿਖਿਆ ਹੈ ਭਾਈ ਗੁਰਦਾਸ ਜੀ ਮਿਲੇ, ਕਿਧਰੇ ਲਿਖਿਆ ਹੈ ਕੋਈ ਹੋਰ ਸਿੱਖ ਮਿਲਿਆ। ਪਰ ਦਾਸ ਆਪ ਬੜਾ ਹੈਰਾਨ ਹੋਇਆ, ਜਦੋਂ ਇਤਿਹਾਸ ਪੜ੍ਹ ਰਿਹਾ ਸੀ। ਪੂਰਾ ਵੇਰਵਾ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਆ ਗਿਆ। ਵਾਕਿਆ ਹੀ ਮਾਤਾ ਸੁਲੱਖਣੀ ਜੀ ਨੂੰ ਕੌਣ ਮਿਲਿਆ ਹੈ, ਭਾਈ ਗੁਰਦਾਸ ਜੀ ਮਿਲੇ ਜਿਨ੍ਹਾਂ ਦੇ ਜੀਵਨ ਦੀ ਵਿਚਾਰ ਚੱਲ ਰਹੀ ਹੈ। ਧਿਆਨ ਦੇਣਾ।

ਭਾਈ ਗੁਰਦਾਸ ਜੀ ਅੰਦਰ ਭਰੋਸੇ ਦਾ ਗੁਣ ਕਿੰਨਾ ਤਕੜਾ ਸੀ ਕਿ ਆਪਣੇ ਤੱਕ ਨਹੀਂ ਰੱਖਿਆ ਬਲਕਿ ਅੱਗੇ ਵੀ ਵੰਡਿਆ।

ਛੇਵੇਂ ਪਾਤਸ਼ਾਹ ਜੀ ਨੇ ਕਿਹਾ, ਸੁਲੱਖਣੀ ਤੇਰੇ ਕਰਮਾਂ ਵਿੱਚ ਪੁੱਤਰ ਨਹੀਂ, ਉਹ ਰੋਂਦੇ ਹੋਏ ਬਾਹਰ ਆ ਗਏ। ਹੁਣ ਜਿਹੜੇ ਲਫਜ਼ ਲਿਖੇ ਹਨ, ਉਹ ਦਾਸ ਆਪ ਜੀ ਦੇ ਅੱਗੇ ਰੱਖਣ ਲੱਗਾ ਹੈ, ਦਰਸ਼ਨ ਕਰਨਾ। ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ, ਦੁਖੀ, ਰੋਂਦੀ, ਉਦਾਸ, ਕਲਪੀ, ਚਿਹਰਾ ਢਲਿਆ, ਇਹ ਮਾਤਾ ਸੁਲੱਖਣੀ ਜੀ ਦਾ ਨਕਸ਼ਾ ਖਿੱਚਿਆ ਹੈ। ਕਲਪੀ ਹੋਈ, ਦੁਖੀ ਹੋਈ ਬਾਹਰ ਨਿਕਲੀ। ਅੱਗੋਂ ਭਾਈ ਗੁਰਦਾਸ ਜੀ ਮਿਲ ਪਏ। ਇਸ ਨੂੰ ਦੇਖ ਕੇ ਭਾਈ ਗੁਰਦਾਸ ਜੀ ਸੋਚਣ ਲੱਗੇ, ਜਿਹੜੇ ਬੂਹੇ ਤੋਂ ਨਿਕਲੀ ਹੈ, ਇਹ ਬੂਹਾ ਤਾਂ ਖੁਸ਼ੀਆਂ ਦੇਣ ਵਾਲਾ ਹੈ ਪਰ ਇਹ ਇੰਨੀ ਦੁਖੀ ਤੇ ਕਲਪੀ ਹੋਈ ਕਿਉਂ ਹੈ? ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ, ਭਾਈ ਗੁਰਦਾਸ ਜੀ ਕੋਲੋਂ ਉਸ ਦੀ ਕਲਪਨਾ ਦੇਖੀ ਨਹੀਂ ਗਈ, ਉਸ ਕੋਲ ਆ ਗਏ ਤੇ ਕਹਿਣ ਲੱਗੇ, ਬੀਬਾ, ਇਸ ਬੂਹੇ ਤੋਂ ਲੋਕ ਕਲਪੇ ਹੋਏ ਅੰਦਰ ਜਾਂਦੇ ਹਨ ਤੇ ਗੁਰੂ ਘਰ ਤੋਂ ਖੁਸ਼ੀਆਂ ਲੈ ਕੇ ਬਾਹਰ ਆਉਂਦੇ ਹਨ ਪਰ ਤੈਨੂੰ ਕੀ ਹੋਇਆ ਹੈ? ਤੂੰ ਇੰਨੀ ਕਲਪੀ ਹੋਈ ਗੁਰੂ ਘਰ ਤੋਂ ਬਾਹਰ ਆ ਰਹੀ ਹੈਂ। ਉਨ੍ਹਾਂ ਦੀ ਕਲਪਨਾ ਵਿੱਚ ਬੋਲ ਨਿਕਲੇ, ਮਾਤਾ ਸੁਲੱਖਣੀ ਜੀ ਕਹਿੰਦੇ, ਕਲਪਾਂ ਨਾ ਤਾਂ ਕੀ ਕਰਾਂ। ਲੋਕੀਂ ਰੇਤ ਦੀ ਬੁੱਕ ਮਾਰਦੇ ਹਨ, ਤੁਹਾਡੇ ਗੁਰੂ ਜੀ ਨੇ ਵੱਟਾ ਹੀ ਮਾਰ ਦਿੱਤਾ ਹੈ। ਘਰ ਵਿੱਚ ਔਲਾਦ ਨਹੀਂ ਹੈ ਤੇ ਤਰਲਾ ਪਾਉਣ ਆਈ ਸੀ। ਔਲਾਦ ਨਹੀਂ, ਪੁੱਤਰ ਨਹੀਂ। ਕਈ ਜਗ੍ਹਾ ਤੇ ਗਈ ਹਾਂ ਉਹ ਕਹਿੰਦੇ ਹਨ, ਹੋ ਜਾਵੇਗਾ, ਇਹ ਹੈ ਰੇਤ ਦੀ ਬੁੱਕ ਤੇ ਗੁਰੂ ਸਾਹਿਬ ਨੇ ਕਹਿ ਦਿੱਤਾ, ਤੇਰੇ ਕਰਮਾਂ ਵਿੱਚ ਹੀ ਨਹੀਂ।

ਭਾਈ ਗੁਰਦਾਸ ਜੀ ਦਾ ਚਿਹਰਾ ਨਾਮ ਦੀਆਂ ਲਾਲੀਆਂ ਨਾਲ ਲਪ-ਲਪ ਭਰਿਆ ਹੋਇਆ, ਨਾਲ ਹੀ ਪੁੱਛਦੇ ਹਨ, ਬੀਬਾ, ਫਿਰ ਤੂੰ ਕੀ ਕਿਹਾ? ਕਹਿਣ ਲੱਗੀ, ਮੈਂ ਕੀ ਕਹਿਣਾ ਸੀ, ਜੇ ਗੁਰੂ ਸਾਹਿਬ ਨੇ ਹੀ ਕਹਿ ਦਿੱਤਾ ਕਿ ਤੇਰੇ ਕਰਮਾਂ ਵਿੱਚ ਨਹੀਂ ਤੇ ਫਿਰ ਮੈਂ ਕੀ ਕਹਿਣਾ ਸੀ। ਮੈਂ ਰੋਂਦੀ ਕਲਪਦੀ ਬਾਹਰ ਆ ਗਈ। ਭਾਈ ਗੁਰਦਾਸ ਜੀ ਨੇ ਮਹਿਸੂਸ ਕਰ ਲਿਆ ਕਿ ਜੇ ਇਸ ਬੀਬੀ ਦੇ ਕੋਲ ਭਰੋਸੇ ਦਾ ਦਾਨ ਹੁੰਦਾ, ਫਿਰ ਗੁਰੂ ਸਾਹਿਬ ਨੂੰ ਕਹਿ ਦਿੰਦੀ, ਆਪ ਜੀ ਹੀ ਲਿਖਣ ਵਾਲੇ ਹੋ। ਹੁਣ ਧਿਆਨ ਦੇਣਾ, ਹੁਣ ਪੰਕਤੀਆਂ ਆਉਣੀਆਂ ਹਨ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ, ਕਿਵੇਂ ਉਸ ਦੇ ਅੰਦਰ ਭਰੋਸੇ ਦਾ ਦਾਨ ਭਰਿਆ। ਕਿਵੇਂ ਭਾਈ ਗੁਰਦਾਸ ਜੀ ਨੇ ਉਸ ਨੂੰ ਦੁਬਾਰਾ ਭੇਜਿਆ, ਕਿਵੇਂ ਭਾਈ ਗੁਰਦਾਸ ਜੀ ਦੀ ਆਪਣੀ ਬੈਟਰੀ ਚਾਰਜ ਤੇ ਉਸ ਦੀ ਕਿਵੇਂ ਚਾਰਜ ਕੀਤੀ। ਭਾਈ ਗੁਰਦਾਸ ਜੀ ਕਹਿੰਦੇ, ਬੀਬਾ, ਦੁਬਾਰਾ ਜਾ। ਫਿਰ ਜਾ ਮਹਾਰਾਜ ਜੀ ਕੋਲ। ਤੇ ਹੁਣ ਤੂੰ ਕੀ ਕਰਨਾ ਹੈ, ਇਹ ਦਰਸ਼ਨ ਕਰਨਾ ਜੀ ਪਿਆਰ ਨਾਲ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਰਾਸਿ ੬) ਦੀਆਂ ਪੰਕਤੀਆਂ ਹਨ ਜਿਨ੍ਹਾਂ ਦੀ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿੱਚ ਕਥਾ ਹੁੰਦੀ ਹੈ।

***ਜਬਿ ਗੁਰ ਕਹੈਂ -ਲਿਖ੍ਯੋ ਨਾਂਹਿ ਤੇਰੈ- ।***

ਜਦੋਂ ਗੁਰੂ ਸਾਹਿਬ ਕਹਿਣਗੇ ਕਿ ਤੇਰੇ ਕਰਮਾਂ ਵਿੱਚ ਨਹੀਂ ਲਿਖਿਆ।

***ਤਬ ਇਮ ਕਹੁ ਕਰਿ ਕਲਮ ਅਗੇਰੈ ।***

ਕਲਮ ਅੱਗੇ ਕਰ ਦੇਈਂ। ਭਾਈ ਗੁਰਦਾਸ ਜੀ ਕਹਿੰਦੇ, ਪੱਕਾ ਨੋਟ ਕਰ, ਅੱਗੋਂ ਕੀ ਕਹਿਣਾ ਹੈ। ਸਾਰੇ ਆਪਣੇ ਅੰਦਰ ਝਾਤੀ ਮਾਰਨਾ। ਬੜਾ ਵੱਡਾ ਸਬਜੈਕਟ ਹੈ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਪੰਕਤੀ ਹੈ। ਭਾਈ ਗੁਰਦਾਸ ਜੀ ਕਹਿੰਦੇ, ਮਾਤਾ

ਸੁਲੱਖਣੀ ਜੀ ਨੂੰ ਕਲਮ ਦੇ ਕੇ ਕਹਿੰਦੇ, ਇਹ ਕਹਿ ਦੇਣਾ :

*-ਲਿਖਨ ਹਾਰ ਇਤ ਉਤ ਤੁਮ ਸਾਰੇ।*

ਇੱਥੇ ਉੱਥੇ ਲਿਖਣ ਵਾਲੇ ਤੁਸੀਂ ਹੀ ਹੋ। ਇਹ ਕਿਹੜੀ ਪੜ੍ਹਾਈ ਹੈ :

*ਤਹਿਂ ਨ ਲਿਖਯੋ ਜੋ ਭਾਗ ਹਮਾਰੇ ॥੩੫॥*
*ਕ੍ਰਿਪਾ ਕਰਹੁ ਤਬਿ, ਅਬਿ ਲਿਖਿ ਦੀਜੈ।*
*ਸ਼ਰਨਾਗਤਿ ਲਖਿ ਆਸ ਪੁਰੀਜੈ-।*

ਇਹ ਕਹਿਣਾ, ਛੇਵੇਂ ਪਾਤਸ਼ਾਹ ਜੀ, ਇੱਥੇ ਉੱਥੇ ਤੁਸੀਂ ਹੀ ਲਿਖਣ ਵਾਲੇ ਹੋ। ਜੇ ਉੱਥੇ ਨਹੀਂ ਲਿਖਿਆ ਤੇ ਹੁਣ ਲਿਖ ਦਿਓ।

*ਕ੍ਰਿਪਾ ਕਰਹੁ ਤਬਿ, ਅਬਿ ਲਿਖਿ ਦੀਜੈ।*

ਛੇਵੇਂ ਪਾਤਸ਼ਾਹ ਜੀ ਪਿਆਰ ਵਿੱਚ ਕਹਿੰਦੇ, ਇਹ ਕਿਸੇ ਨੇ ਬੈਟਰੀ ਚਾਰਜ ਕਰ ਦਿੱਤੀ ਹੈ। ਇਹ ਬੀਬੀ ਕਿਸੇ ਜੁਗਤੀ ਵਾਲੇ ਨੂੰ ਮਿਲ ਆਈ ਹੈ। ਜਿਸ ਨੇ ਇਸ ਦੇ ਅੰਦਰ ਭਰੋਸੇ ਦਾ ਦਾਨ ਭਰ ਕੇ ਭੇਜ ਦਿੱਤਾ ਹੈ। ਫਿਰ ਕਿੰਨੇ ਪੁੱਤਰਾਂ ਦੀ ਦਾਤ ਲੈ ਗਈ, ਸੱਤ ਪੁੱਤਰ। ਪਹਿਲਾਂ ਕਰਮਾਂ ਵਿੱਚ ਇੱਕ ਵੀ ਪੁੱਤਰ ਨਹੀਂ ਤੇ ਫਿਰ ਸੱਤ ਪੁੱਤਰ ਕਿਵੇਂ ਮਿਲੇ, ਜਦੋਂ ਗੁਰੂ ਸਾਹਿਬ ਤੇ ਭਰੋਸਾ ਬਣਿਆ। ਦਾਸ ਦਾ ਦਿਲ ਕਰਦਾ ਹੈ, ਧਾਰਨਾ ਹੈ, ਕਿਤੇ-ਕਿਤੇ ਪਿਆਰ ਆ ਜਾਂਦਾ ਹੈ।

*ਦੋਵੇਂ ਹੀ ਜਹਾਨਾਂ ਦੀਆਂ ਡੋਰੀਆਂ,*
*ਤੇਰੇ ਹੱਥ ਛੇਵੇਂ ਪਾਤਸ਼ਾਹ।*

-----------------

*ਸੋਈ ਕਰਾਇ ਜੋ ਤੁਧੁ ਭਾਵੈ ॥*
*ਮੋਹਿ ਸਿਆਣਪ ਕਛੂ ਨ ਆਵੈ ॥*
*ਹਮ ਬਾਰਿਕ ਤਉ ਸਰਣਾਈ ॥*
*ਪ੍ਰਭਿ ਆਪੇ ਪੈਜ ਰਖਾਈ ॥੧॥*
*ਮੇਰਾ ਮਾਤ ਪਿਤਾ ਹਰਿ ਰਾਇਆ ॥*
*ਕਰਿ ਕਿਰਪਾ ਪ੍ਰਤਿਪਾਲਣ ਲਾਗਾ*
*ਕਰਂੀ ਤੇਰਾ ਕਰਾਇਆ ॥ ਰਹਾਉ ॥*
*ਜੀਅ ਜੰਤ ਤੇਰੇ ਧਾਰੇ ॥*
*ਪ੍ਰਭ ਡੋਰੀ ਹਾਥਿ ਤੁਮਾਰੇ ॥*

*(ਅੰਗ ੬੨੬)*

*ਦੀਨ ਦੁਨੀ ਦਾ ਪਾਤਿਸਾਹੁ*
*ਪਾਤਿਸਾਹਾਂ ਪਾਤਿਸਾਹੁ ਅਡੋਲਾ।*

*(ਵਾਰ ੩੯, ਪਉੜੀ ੩)*

ਇਸ ਵਿਸ਼ੇ ਨੂੰ ਆਮ ਨਾ ਸਮਝਣਾ। ਭਗਤੀ ਦਾ ਬੜਾ ਵੱਡਾ ਹਿੱਸਾ ਹੈ। ਇਸ ਨੂੰ ਆਮ ਸਬਜੈਕਟ ਨਾ ਸਮਝਣਾ। ਇੱਕ ਭੈਣ ਦਾਸ ਨੂੰ ਮਿਲੀ। ਉਸ ਭੈਣ ਦੇ ਲਫਜ਼ ਸਨ। ਮੇਰਾ ਮਨ ਨਹੀਂ ਜੁੜਦਾ। ਦਾਸ ਨੇ ਕਿਹਾ, ਭੈਣ ਜੀ, ਜਪੁਜੀ ਸਾਹਿਬ ਪੜ੍ਹਦੇ ਹੋ। ਕਹਿਣ ਲੱਗੀ, ਹਾਂ ਪੜ੍ਹਦੀ ਹਾਂ। ਦਾਸ ਨੇ ਕਿਹਾ, ਤੁਹਾਡੀ ਉਮਰ ਕਿੰਨੀ ਹੈ? ਕਹਿਣ ਲੱਗੀ, 35 ਸਾਲ। ਦਾਸ ਨੇ ਕਿਹਾ ਕਿ ਕਿੰਨਾ ਚਿਰ ਹੋ ਗਿਆ ਹੈ, ਜਪੁਜੀ ਸਾਹਿਬ ਪੜ੍ਹਦਿਆਂ। ਕਹਿਣ ਲੱਗੀ, 27 ਸਾਲ। ਧਿਆਨ ਦੇਣਾ ਕਿੰਨਾ ਜ਼ਰੂਰੀ ਸਬਜੈਕਟ ਹੈ। 35 ਵਿੱਚੋਂ 27 ਘਟਾ ਦਿਓ ਤੇ 8 ਰਹਿ ਜਾਂਦੇ ਹਨ। ਇਸ ਦਾ ਮਤਲਬ ਉਹ ਭੈਣ ਜਦੋਂ ਅੱਠ ਸਾਲ ਦੀ ਸੀ, ਜਪੁਜੀ ਸਾਹਿਬ ਸ਼ੁਰੂ ਕਰ ਦਿੱਤੀ, 27 ਸਾਲ ਹੋ ਗਏ, ਜਪੁਜੀ ਸਾਹਿਬ ਪੜ੍ਹਦਿਆਂ। ਕਹਿਣ ਲੱਗੀ, ਮਨ ਨਹੀਂ ਜੁੜਦਾ। ਦਾਸ ਨੇ ਕਿਹਾ, 27 ਸਾਲ ਹੋ ਗਏ ਹਨ, ਜਪੁਜੀ ਸਾਹਿਬ ਪੜ੍ਹਦਿਆਂ ਤੇ ਇੱਕ ਗੱਲ ਦੱਸੋਗੇ। ਕਹਿਣ ਲੱਗੀ, ਕੀ? ਦਾਸ ਨੇ ਕਿਹਾ ਕਿ ਜਦੋਂ ਜਪੁਜੀ ਸਾਹਿਬ ਪੜ੍ਹਦੇ ਹੋ:

*ਅੰਤੁ ਨ ਸਿਫਤੀ ਕਹਣਿ ਨ ਅੰਤੁ ॥*
*ਅੰਤੁ ਨ ਕਰਣੈ ਦੇਣਿ ਨ ਅੰਤੁ ॥*
*ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥*
*ਅੰਤੁ ਨ ਜਾਪੈ ਕਿਆ ਮਨਿ ਮੰਤੁ ॥*

*(ਅੰਗ ੫)*

ਕੀ ਭਾਵਨਾ ਰੱਖਦੇ ਹੋ? ਕਿਸ ਨੂੰ ਕਹਿ ਰਹੇ ਹੋ, ਤੇਰਾ ਅੰਤ ਨਹੀਂ। ਉਸ ਭੈਣ ਦੇ ਲਫਜ਼ ਸਨ, ਇਹ ਮੈਨੂੰ ਨਹੀਂ ਪਤਾ, ਕਿਸ ਨੂੰ ਕਹਿ ਰਹੇ ਹਾਂ। ਇਹ ਸਬਜੈਕਟ ਸਮਝਣਾ। ਕਹਿਣ ਲੱਗੀ, ਮੈਂ ਪੜ੍ਹਦੀ ਹਾਂ ਪਰ ਇਹ ਨਹੀਂ ਪਤਾ ਕਿਸ ਨੂੰ ਕਹਿ ਰਹੀ ਹਾਂ। ਦਾਸ ਨੇ ਫਿਰ ਬੇਨਤੀ ਕੀਤੀ, ਤਾਂ ਹੀ ਮਨ ਨਹੀਂ ਜੁੜਦਾ। ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਤੀਰ ਬਾਣੀ ਦੇ ਚੱਲ ਰਹੇ ਹਨ ਪਰ ਨਿਸ਼ਾਨਾ ਹੈ ਹੀ ਕੋਈ ਨਹੀਂ। ਸਿੱਖ ਦਾ ਨਿਸ਼ਾਨਾ, ਕਿਸ ਨੂੰ ਕਹਿਣਾ, ਤੇਰਾ ਅੰਤ ਨਹੀਂ। ਸਿੱਖ ਦਾ ਨਿਸ਼ਾਨਾ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ। ਸਿੱਖ ਦਾ ਨਿਸ਼ਾਨਾ, ਧੰਨ ਗੁਰੂ ਕਲਗੀਧਰ ਪਿਤਾ ਜੀ। ਜੋਤ ਇੱਕ ਹੀ ਹੈ। ਦਸ ਪਾਤਸ਼ਾਹੀਆਂ ਇੱਕੋ ਜੋਤ ਹਨ, ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਇਹ ਤੁਹਾਡੀ ਭਗਤੀ ਦਾ, ਨਿਤਨੇਮ ਦਾ, ਸੁਖਮਨੀ ਸਾਹਿਬ ਪੜ੍ਹਨ ਦਾ, ਸਿਮਰਨ ਕਰਨ ਦਾ, ਮੂਲ ਮੰਤਰ ਜਪਣ ਦਾ ਬਹੁਤ ਵੱਡਾ ਸਬਜੈਕਟ ਹੈ। ਨਿਸ਼ਾਨਾ ਕੀ ਹੈ? ਅਜੇ ਵੀ ਗੱਲ ਪਕੜ ਵਿੱਚ ਨਾ ਆਈ ਤੇ ਧਿਆਨ ਦੇਣਾ। ਮੰਨ ਲਓ ਸਟੇਜ ਤੇ ਰਾਗੀ ਸਿੰਘ ਬੈਠੇ ਹਨ ਤੇ ਉਨ੍ਹਾਂ ਨੇ ਸ਼ਬਦ ਲਗਾਇਆ ਹੈ :

***ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥***
***ਮੈ ਅਜਾਨੁ ਜਨੁ ਤਰਿਬੇ ਨ ਜਾਨਉ***
***ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥***

*(ਅੰਗ ੮੭੩)*

ਤੁਹਾਨੂੰ ਕਈ ਵਾਰੀ ਕਿੰਨਾ ਪਿਆਰ ਆਉਂਦਾ ਹੈ। ਬੰਦਾ ਕਦੀ ਨਾ ਕਦੀ ਕਿਸੇ ਚੀਜ਼ ਤੋਂ ਦੁਖੀ ਹੁੰਦਾ ਹੈ ਤੇ ਫਿਰ ਨਾਲ ਪੜ੍ਹਦਾ ਹੈ, ਮਹਾਰਾਜ ਜੀ, ਤਾਰ ਲਓ। ਕਾਰਜ ਰਾਸ ਕਰ ਦਿਓ। ਰਾਗੀ ਨੇ ਮੰਨ ਲਓ ਇਹ ਵਾਲਾ ਸ਼ਬਦ ਲਗਾਇਆ ਹੈ, ਸੰਗਤ ਪਿਆਰ ਨਾਲ ਪੜ੍ਹ ਰਹੀ ਹੈ:

***ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥***
***ਮੈ ਅਜਾਨੁ ਜਨੁ ਤਰਿਬੇ ਨ ਜਾਨਉ***
***ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥***

*(ਅੰਗ ੮੭੩)*

ਇਹ ਸਾਰੀ ਸੰਗਤ ਵਿਚਾਰੋ, ਉਸ ਵੇਲੇ ਕਿਸ ਨੂੰ ਕਹਿ ਰਹੇ ਹੋ। ਅਸੀਂ ਉਸ ਵੇਲੇ ਕਿਸ ਨੂੰ ਕਹਿ ਰਹੇ ਹਾਂ, ਰਾਮਾ ਤਾਰਿ ਲੇ॥ ਧਿਆਨ ਦੇਣਾ। ਸਿੱਖ ਦਾ ਰਾਮਾ ਕੌਣ ਹੈ? ਸਿੱਖ ਦਾ ਰਾਮਾ ਛੇਵੇਂ ਪਾਤਸ਼ਾਹ ਜੀ ਹਨ। ਇਹ ਭਗਤੀ ਦਾ ਸਬਜੈਕਟ ਹੈ। ਸਾਡਾ ਰਾਮਾ ਕੌਣ ਹਨ? ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਗੁਰੂ ਕਲਗੀਧਰ ਪਿਤਾ ਜੀ। ਇੱਕੋ ਜੋਤ ਹਨ। ਇਹ ਵਿਚਾਰਨਾ। ਭਾਈ ਗੁਰਦਾਸ ਜੀ ਨੇ ਮਾਤਾ ਸੁਲੱਖਣੀ ਜੀ ਦੀ ਬੈਟਰੀ ਚਾਰਜ ਕੀਤੀ, ਉਨ੍ਹਾਂ ਦੇ ਅੰਦਰ ਉਹ ਸਪਿਰਿਟ ਭਰ ਦਿੱਤੀ, ਗੁਰੂ ਸਾਹਿਬ ਹੀ ਨਿਰੰਕਾਰ ਹਨ, ਇੱਥੇ ਵੀ ਉਹ ਲਿਖਣ ਵਾਲੇ ਹਨ, ਉੱਥੇ ਵੀ ਉਹ ਲਿਖਣ ਵਾਲੇ ਹਨ, ਸੱਚਖੰਡ ਵਿੱਚ। ਮੰਨ ਲਓ, ਰਾਗੀ ਸਿੰਘ ਸ਼ਬਦ ਪੜ੍ਹ ਰਹੇ ਹਨ:

***ਤੁਮ੍ ਕਰਹੁ ਦਇਆ ਮੇਰੇ ਸਾਈ ॥***
***ਐਸੀ ਮਤਿ ਦੀਜੈ ਮੇਰੇ ਠਾਕੁਰ***
***ਸਦਾ ਸਦਾ ਤੁਧੁ ਧਿਆਈ ॥੧॥ ਰਹਾਉ ॥***

*(ਅੰਗ ੬੭੩)*

ਤੁਸੀਂ ਨਾਲ ਪੜ੍ਹ ਰਹੇ ਹੋ। ਇਹ ਜ਼ਰੂਰ ਵਿਚਾਰਨਾ, ਸਾਂਈਂ ਕਿਸ ਨੂੰ ਕਹਿ ਰਹੇ ਹੋ? ਇਸ ਤਰ੍ਹਾਂ ਬਾਣੀ ਪੜ੍ਹਨ ਵੇਲੇ, ਕੀਰਤਨ ਸੁਣਨ ਵੇਲੇ, ਕੀਰਤਨ ਨਾਲ ਕਰਨ ਵੇਲੇ, ਇਸ ਤਰ੍ਹਾਂ ਦੀ ਤਕੜੀ ਭਾਵਨਾ, ਭਾਈ ਗੁਰਦਾਸ ਜੀ ਵਰਗਾ ਗੁਣ ਲਿਆਉਣਾ ਹੈ, ਸਾਡੇ ਸਾਂਈਂ ਛੇਵੇਂ ਪਾਤਸ਼ਾਹ ਜੀ ਹੀ ਹਨ। ਸਾਡੇ ਬੀਠੁਲ ਆਪ ਜੀ ਹੀ ਹੋ। ਸਾਡੇ ਮੁਰਾਰੀ ਆਪ ਜੀ ਹੀ ਹੋ। ਸਾਡੇ ਗਰੀਬ ਨਿਵਾਜ ਆਪ ਜੀ ਹੀ ਹੋ। ਇੱਕ ਗੱਲ ਦਾਸ ਦਿਲ ਦੀ ਕਹਿ ਦਿੰਦਾ ਹੈ। ਸੰਗਤ ਵਿੱਚੋਂ ਹੀ ਸਭ ਕੁਝ ਪਾਇਆ ਹੈ। ਤੁਸੀਂ ਵੀ ਸੰਗਤ ਨਾਲ ਜੁੜੇ ਰਹੋ। ਸੰਗਤ ਦਾ

ਹਿਰਦੇ ਵਿੱਚ ਸਤਿਕਾਰ ਰੱਖਣਾ। ਸੰਗਤ ਵਿੱਚ ਆ ਕੇ ਗਲਤੀਆਂ ਨਾ ਲੱਭਣਾ। ਸੰਗਤ ਨੂੰ ਦਾਸ ਮਾਂ ਬਾਪ ਸਮਝਦਾ ਹੈ ਤੇ ਦਾਸ ਦਿਲ ਦੀ ਗੱਲ ਕਰਦਾ ਹੈ। 17 ਸਾਲ ਦਾਸ ਵੀ ਭਟਕਿਆ ਹੈ। ਦਾਸ ਨੂੰ ਉਮਰ ਅੱਜ ਤੱਕ ਯਾਦ ਹੈ। ਉਦੋਂ ਦਾਸ ਵੀ ਦੁਬਿਧਾ ਵਿੱਚ ਸੀ। ਵਿਆਹ ਨਹੀਂ ਸੀ ਹੋਇਆ। ਖੁਦ ਦਾਸ ਸ੍ਰੀ ਦਰਬਾਰ ਸਾਹਿਬ ਜਾਂਦਾ ਸੀ ਪਰ ਅੰਦਰ ਭਟਕਣਾ ਸੀ। ਸ੍ਰੀ ਦਰਬਾਰ ਸਾਹਿਬ ਜਾਣਾ, ਅੰਦਰ ਮੱਥਾ ਟੇਕਣਾ। ਮੱਥਾ ਟੇਕਣ ਵੇਲੇ ਕੀ ਕਹਿਣਾ, ਧੰਨ ਗੁਰੂ ਰਾਮਦਾਸ ਜੀ, ਤੁਹਾਡੇ ਕੋਲ ਆਏ ਹਾਂ, ਤੁਹਾਡੇ ਦਰ ਤੇ ਆਏ ਹਾਂ, ਮੱਥਾ ਟੇਕ ਰਹੇ ਹਾਂ, ਹੱਥ ਜੋੜ ਰਹੇ ਹਾਂ ਪਰ ਧੰਨ ਗੁਰੂ ਰਾਮਦਾਸ ਜੀ, ਰੱਬ ਬਾਹਰ ਜਾ ਕੇ ਵੱਖਰਾ ਲੱਭਣਾ ਹੈ। 17 ਸਾਲ ਦਾਸ ਭਟਕਿਆ ਹੈ। ਜਿਉਂ-ਜਿਉਂ ਭੱਟਾਂ ਦੇ ਸਵੱਈਏ ਪੜ੍ਹੇ, ਜਿਉਂ-ਜਿਉਂ ਭਾਈ ਨੰਦ ਲਾਲ ਜੀ ਦੀ ਬਾਣੀ ਪੜ੍ਹੀ, ਜਿਉਂ-ਜਿਉਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਪੜ੍ਹੀਆਂ, ਜਿਉਂ-ਜਿਉਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੀ ਸਤਿਗੁਰੂ ਜੀ ਨੇ ਸੇਵਾ ਲਈ ਤੇ ਅੱਖ ਖੁੱਲ੍ਹ ਗਈ, ਰੱਬ ਵੱਖਰਾ ਨਹੀਂ ਲੱਭਣਾ, ਤੇਰਾ ਗੁਰੂ ਹੀ ਰੱਬ ਹੈ। ਸੁਣ ਲਓ, ਬਾਣੀ ਵਿੱਚੋਂ :

***ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥***

*(ਅੰਗ ੬੧੨)*

***ਹਰਿ ਆਰਾਧਿ ਨ ਜਾਨਾ ਰੇ ॥***
***ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥***

*(ਅੰਗ ੬੧੨)*

ਤੈਨੂੰ ਹਾਲੇ ਤੱਕ ਹਰੀ ਦੀ ਅਰਾਧਨਾ ਦਾ ਨਹੀਂ ਪਤਾ। ਹਰੀ ਤੇ ਗੁਰੂ ਨੂੰ ਵੱਖਰਾ-ਵੱਖਰਾ ਗਿਣ ਰਿਹਾ ਹੈ।

***ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥***

*(ਅੰਗ ੬੧੨)*

ਹਰੀ ਨੇ ਨਾਮ ਵਟਾ ਕੇ ਧੰਨ ਗੁਰੂ ਰਾਮਦਾਸ ਰੱਖ ਲਿਆ ਹੈ।

***ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥***

*(ਅੰਗ ੧੪੦੬)*

ਜਿਨ੍ਹਾਂ ਦਾ ਜੀਵਨ ਸੁਣ ਰਹੇ ਹੋ, ਭਰੋਸਾ ਸੀ ਤੇ ਭਰੋਸਾ ਵੰਡਿਆ। ਮਾਤਾ ਸੁਲੱਖਣੀ ਜੀ ਦੀ ਵੀ ਬੈਟਰੀ ਚਾਰਜ ਕੀਤੀ ਤੇ ਵਾਰਾਂ ਰਾਹੀਂ ਵੀ ਭਰੋਸਾ ਵੰਡਿਆ। ਭਾਈ ਗੁਰਦਾਸ ਜੀ ਦੀ ਇੱਕ ਵਾਰ ਪਿਆਰ ਨਾਲ ਪੜ੍ਹਨਾ ਜੀ:

***ਸਤਿਗੁਰ ਨਾਨਕ ਦੇਉ ਹੈ ਪਰਮੇਸਰੁ ਸੋਈ।***
***ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।***
***ਅਮਰਾ ਪਦ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ।***
***ਗੁਰੁ ਅਮਰਹੁੰ ਗੁਰੂ ਰਾਮਦਾਸ ਅੰਮ੍ਰਿਤ ਰਸੁ ਭੋਈ।***
***ਰਾਮਦਾਸਹੁੰ ਅਰਜਨ ਗੁਰੂ ਗੁਰੁ ਸਬਦ ਸਥੋਈ।***
***ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦ ਹੋਈ।***
***ਗੁਰਮੁਖਿ ਸੁਖ ਫਲ ਪਿਰਮ ਰਸ ਸਤਿਸੰਗਿ ਅਲੋਈ।***

*(ਵਾਰ ੩੮, ਪਉੜੀ ੨੦)*

ਅਖੀਰਲੀ ਪੰਕਤੀ ਸੁਣਨਾ ਤੇ ਵਿਕ ਜਾਣਾ ਅੱਜ। ਜਿੰਨੀ ਗੁਰਬਾਣੀ ਵਿੱਚ ਸਿਫਤ ਆਵੇ, ਆਪਣੇ ਗੁਰੂ ਦਾ ਧਿਆਨ ਧਰ ਕੇ ਕਰਿਆ ਕਰੋ, ਦਾਸ ਬੇਨਤੀ ਕਰਦਾ ਹੈ, ਕੋਈ ਤੁਹਾਡੇ ਵਿੱਚੋਂ ਨਹੀਂ ਕਹੇਗਾ, ਮਨ ਨਹੀਂ ਜੁੜਦਾ। ਅਖੀਰਲੀ ਪੰਕਤੀ, ਭਾਈ ਗੁਰਦਾਸ ਜੀ ਦੀ :

***ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀਂ ਕੋਈ ॥***

*(ਵਾਰ ੩੮, ਪਉੜੀ ੨੦)*

ਇਹ ਮਾਤਾ ਸੁਲੱਖਣੀ ਜੀ ਦੀ ਝੋਲੀ ਕਿਸ ਨੇ ਭਰੀ? ਭਾਈ ਗੁਰਦਾਸ ਜੀ ਨੇ ਜਿਹੜੀ ਬੈਟਰੀ ਚਾਰਜ ਕੀਤੀ। ਉਨ੍ਹਾਂ ਦੇ ਅੰਦਰ ਭਰੋਸਾ ਭਰ ਦਿੱਤਾ, ਲਿਖਣ ਵਾਲੇ ਛੇਵੇਂ ਪਾਤਸ਼ਾਹ ਜੀ ਹਨ, ਇੱਥੇ ਵੀ ਤੇ ਸੱਚਖੰਡ ਵਿੱਚ ਵੀ। ਹੁਣ ਜ਼ਰਾ ਇੱਕ ਨਿੱਕਾ ਜਿਹਾ ਸੀਨ ਦਰਸ਼ਨ ਕਰਨਾ, ਭਰੋਸੇ ਦਾ ਕਿਉਂਕਿ

ਦਾਸ ਨੂੰ ਵੀ ਹਿੱਲਣ ਦਾ ਡਰ ਹੈ ਤੇ ਤੁਹਾਨੂੰ ਵੀ ਡਰ ਹੈ। ਜ਼ਰਾ ਜਿਹਾ ਕੋਈ ਸਬਜ਼ ਬਾਗ ਵਿਖਾ ਦੇਵੇ। ਤੁਹਾਨੂੰ ਪਤਾ ਹੈ, ਭਾਈ ਗੁਰਦਾਸ ਜੀ ਕਾਸ਼ੀ ਗਏ। ਕਿਉਂ ਗਏ? ਸਭ ਨੂੰ ਪਤਾ ਹੈ, ਪੰਕਤੀ ਉਚਾਰ ਦਿੱਤੀ ਸੀ:

***ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥੨੦॥***

***(ਵਾਰ ੩੫, ਪਉੜੀ ੨੦)***

ਛੇਵੇਂ ਪਾਤਸ਼ਾਹ ਜੀ ਨੇ ਕਾਬਲ ਘੋੜੇ ਲੈਣ ਲਈ ਭੇਜਿਆ। ਪੈਸੇ ਠੀਕਰੀਆਂ ਬਣ ਗਏ। ਬਾਹਰ ਖੜ੍ਹੇ ਹਨ, ਮਾਇਆ ਲੈਣ ਵਾਲੇ, ਪਠਾਨ। ਡਾਹਢੇ ਵੀ ਹੁੰਦੇ ਹਨ। ਤੁਹਾਨੂੰ ਹੁਣ ਪਤਾ ਹੀ ਹੈ, ਪਸ਼ੂਆਂ ਦੀ ਬੋਲੀ ਹੁੰਦੀ ਹੈ। ਜਦੋਂ ਬੋਲੀ ਬੰਦ ਹੋ ਗਈ, ਬੋਲੀ ਸਮਾਪਤ ਹੋ ਗਈ, ਭਾਈ ਗੁਰਦਾਸ ਜੀ ਤੰਬੂ ਅੰਦਰੋਂ ਮਾਇਆ ਲੈਣ ਲਈ ਗਏ, ਸਾਰਾ ਕੁਝ ਠੀਕਰੀਆਂ ਬਣਿਆ ਪਿਆ ਹੈ। ਸੋਚਦੇ ਹਨ, ਛੇਵੇਂ ਪਾਤਸ਼ਾਹ ਜੀ ਨੇ ਇਹ ਕੀ ਕੀਤਾ? ਮੋਹਰਾਂ ਦੀਆਂ ਜਗ੍ਹਾ ਠੀਕਰੀਆਂ ਦੇ ਦਿੱਤੀਆਂ ਹਨ। ਖੱਚਰਾਂ ਉੱਤੋਂ ਬੋਰੀਆਂ ਲੱਦ ਕੇ ਲਿਆਉਂਦੀਆਂ ਹਨ। ਸੋਚਦੇ ਹਨ, ਬਾਹਰ ਗਏ ਤੇ ਪਠਾਣਾਂ ਨੇ ਛੱਡਣਾ ਨਹੀਂ। ਬੋਲੀ ਖਤਮ, ਲਿਆਓ ਮਾਇਆ। ਤੰਬੂ ਪਾੜ ਕੇ ਨਿਕਲ ਗਏ। ਲੀਲਾ ਮਹਾਰਾਜ ਜੀ ਦੀ ਰਚਾਈ ਸੀ। ਕਿੱਥੇ ਆ ਗਏ, ਬਨਾਰਸ ਕਾਂਸ਼ੀ। ਇਧਰ ਬਾਕੀ ਸਿੱਖ ਕਹਿਣ ਲੱਗੇ, ਭਾਈ ਸਾਹਿਬ ਤੰਬੂ ਤੋਂ ਬਾਹਰ ਨਹੀਂ ਨਿਕਲੇ ਤੇ ਜਦੋਂ ਅੰਦਰ ਗਏ ਤੇ ਸਾਰੀਆਂ ਬੋਰੀਆਂ ਮਾਇਆ ਦੀਆਂ, ਮੋਹਰਾਂ ਦੀਆਂ ਭਰੀਆਂ ਹਨ। ਉਨ੍ਹਾਂ ਨੇ ਸਾਰੀ ਪੇਮੈਂਟ ਦੇ ਦਿੱਤੀ। ਪਿਤਾ ਜੀ ਨੇ ਸਾਰਾ ਸਾਂਗ ਵਰਤਾਇਆ ਸੀ। ਹੁਣ ਇੱਕ ਗੱਲ ਨੋਟ ਕਰਨੀ। ਕਾਂਸ਼ੀ ਵਿੱਚ ਭਾਈ ਗੁਰਦਾਸ ਜੀ ਨੂੰ ਕਾਂਸ਼ੀ ਦੇ ਪੰਡਿਤਾਂ ਨੇ, ਬ੍ਰਾਹਮਣਾਂ ਨੇ ਇੱਥੋਂ ਤੱਕ ਕਿਹਾ ਕਿ ਛੱਡੋ ਗੁਰੂ ਨੂੰ। ਤੁਸੀਂ ਇਹੋ ਜਿਹੇ ਸ਼ਹਿਰ ਵਿੱਚ ਆ ਗਏ ਹੋ ਜਿੱਥੇ ਮੁਕਤੀ ਮਿਲਦੀ ਹੈ। ਹੁਣ ਤੁਸੀਂ ਇੱਥੇ ਦੇਵ ਦੀ ਅਰਾਧਨਾ ਕਰੋ, ਇੱਥੇ ਹੀ ਮੁਕਤੀ ਹੈ। ਪੜ੍ਹੋ ਜੀ ਪਿਆਰ ਨਾਲ।

***ਜੇ ਗੁਰ ਦਇਆ ਤਾ ਸਭ ਕੀ ਦਇਆ ॥***

ਇਸ ਦਾ ਕੀ ਅਰਥ ਹੈ? ਤੁਸੀਂ ਕਹਿੰਦੇ ਹੋ ਕਿ ਛੱਡੋ ਗੁਰੂ ਨੂੰ। ਭਾਈ ਗੁਰਦਾਸ ਜੀ ਕਹਿੰਦੇ, ਜੇ ਮੇਰੇ ਗੁਰੂ ਸਾਹਿਬ ਦੀ ਦਇਆ ਹੋਵੇ ਤੇ ਸਾਰਿਆਂ ਦੀ ਦਇਆ ਹੁੰਦੀ ਹੈ। ਜੇ ਗੁਰੂ ਦੀ ਦਇਆ ਉੱਠ ਗਈ ਤੇ ਸਾਰੇ ਹੀ ਦੁਸ਼ਮਣ ਬਣ ਜਾਂਦੇ ਹਨ।

***ਜੇ ਗੁਰ ਦਇਆ ਤਾ ਸਭ ਕੀ ਦਇਆ ॥***
***ਜੇ ਗੁਰ ਰਿਸੈ ਤਾ ਸਭ ਰਸ ਕਹਿਆ ॥***

ਰਿਸੈ ਦਾ ਮਤਲਬ, ਰੁੱਸ ਜਾਵੇ। ਭਾਈ ਗੁਰਦਾਸ ਜੀ ਕਹਿੰਦੇ, ਇੱਕ ਗੁਰੂ ਰੁੱਸ ਜਾਵੇ ਤੇ ਸਾਰਾ ਜਗਤ ਹੀ ਰੁੱਸ ਜਾਂਦਾ ਹੈ। ਗੁਰੂ ਦੀ ਦਇਆ ਤੇ ਸਭ ਦੀ ਦਇਆ। ਧਿਆਨ ਦੇਣਾ ਜੀ। ਭਾਈ ਗੁਰਦਾਸ ਜੀ ਜਦੋਂ ਵਾਪਸ ਆਏ, ਸ੍ਰੀ ਅੰਮ੍ਰਿਤਸਰ ਸਾਹਿਬ, ਛੇਵੇਂ ਪਾਤਸ਼ਾਹ ਜੀ ਕੋਲ, ਅਖੀਰਲਾ ਸੀਨ ਵੇਖਣਾ। ਮਹਾਰਾਜ ਜੀ ਨੇ ਰੁੱਕਾ ਅੱਗੇ ਕੀਤਾ :

***ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥੨੦॥***

***(ਵਾਰ ੩੫, ਪਉੜੀ ੨੦)***

ਭਾਈ ਗੁਰਦਾਸ ਜੀ ਤੁਸੀਂ ਲਿਖਿਆ ਸੀ। ਭਾਈ ਗੁਰਦਾਸ ਜੀ ਬੋਲਣ ਹੀ ਨਾ। ਚੁੱਪ। ਸਾਡੇ ਛੇਵੇਂ ਪਾਤਸ਼ਾਹ ਜੀ ਕਹਿੰਦੇ, ਬੋਲਦੇ ਨਹੀਂ। ਵੇਖ ਲਓ, ਇਹੋ ਜਿਹੇ ਗੁਰੂ ਸਾਹਿਬ ਕਿਤੇ ਲੱਭਣੇ ਹਨ। ਸਾਰੀ ਜ਼ਿੰਦਗੀ ਦਾਸਾ ਭਾਵ ਰੱਖੋ, ਮੈਂ ਨੇੜੇ ਨਾ ਆਉਣ ਦਿਓ। ਗੱਡੀ ਵਿੱਚੋਂ ਵੀ ਉਤਰਦੇ ਹੋ ਤੇ ਦਾਸਾ ਭਾਵ ਹੋਵੇ। ਕਿਸੇ ਪਾਰਟੀ ਤੇ ਵੀ ਜਾਂਦੇ ਹੋ, ਦਾਸਾ ਭਾਵ ਨਾਲ ਜਾਣਾ। ਕਿਸੇ ਦਫਤਰ ਵੀ ਜਾਂਦੇ ਹੋ, ਦਾਸਾ ਭਾਵ ਨਾਲ ਜਾਣਾ। ਤੁਹਾਡਾ ਕੋਈ ਸਨਮਾਨ ਵੀ ਕਰ ਰਿਹਾ ਹੈ, ਅੰਦਰੋਂ ਦਾਸਾ ਭਾਵ ਨਾ ਛੱਡਣਾ। ਛੇਵੇਂ ਪਾਤਸ਼ਾਹ ਜੀ ਦੀਆਂ ਰਮਜ਼ਾਂ ਸਮਝਣਾ। ਦੂਜੇ ਨੂੰ ਟਿੱਚ ਨਾ ਸਮਝਣਾ। ਕੋਈ ਪਤਾ

ਨਹੀਂ, ਕਿਸੇ ਦੇ ਸਿਰ ਤੇ ਹੱਥ ਰੱਖ ਕੇ ਤੁਹਾਡੇ ਤੋਂ ਕਿੰਨੀ ਅੱਗੇ ਲੈ ਜਾਣਾ ਹੈ।

***ਵਾਹਿਗੁਰੂ ।। ਵਾਹਿਗੁਰੂ ।। ਵਾਹਿਗੁਰੂ ।। ਵਾਹਿਗੁਰੂ ।।***

ਦਰਸ਼ਨ ਕਰਨਾ ਜੀ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਕੁਝ ਤਾਂ ਬੋਲੋ। ਰੁੱਕਾ ਅੱਗੇ ਕੀਤਾ। ਤੁਸੀਂ ਲਿਖਿਆ ਸੀ :

***ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ।।੨੦।।***

***(ਵਾਰ ੩੫, ਪਉੜੀ ੨੦)***

ਬੋਲਦੇ ਨਹੀਂ। ਹੁਣ ਪੂਰੀ ਵਾਰ ਦਾਸ ਨਹੀਂ ਪੜ੍ਹਦਾ। ਇਹ ਵਾਰ ਦੀ ਅਖੀਰਲੀ ਪੰਕਤੀ ਹੈ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਬੋਲਦੇ ਨਹੀਂ ਤੇ ਭਾਈ ਗੁਰਦਾਸ ਜੀ ਕਹਿੰਦੇ ਹਨ :

***ਤੂ ਕਰਤਾਰ ਹਮ ਕੀਏ ਤਿਹਾਰੇ ਜੀ***
***ਤੋ ਪਹਿ ਬੋਲਨ ਕਿਉ ਬਨਿ ਆਵੈ ।।੫੨੭।।***

***(ਕਬਿੱਤ ਭਾਈ ਗੁਰਦਾਸ ਜੀ)***

ਮੈਂ ਆਪ ਜੀ ਅੱਗੇ ਕੀ ਬੋਲਾਂ। ਅਖੀਰਲਾ ਨਸ਼ਾ ਵੇਖਣਾ। ਪੜ੍ਹਦੇ ਰੋਜ਼ ਹੋ, ਅੱਜ ਉਹ ਸਮਾਂ ਵੇਖਣਾ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਕੁਝ ਤਾਂ ਬੋਲੋ।

***ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵੇਚਾਰਾ ।।੨੨।।***

***(ਵਾਰ ੩੫, ਪਉੜੀ ੨੨)***

ਆਪ ਜੀ ਸਾਂਗ ਵਰਤਾਓ ਤੇ ਸਿੱਖ ਕੁਝ ਨਹੀਂ ਕਰ ਸਕਦਾ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਕੁਝ ਤਾਂ ਬੋਲੋ। ਭਾਈ ਗੁਰਦਾਸ ਜੀ ਕੀ ਬੋਲੇ। ਇਹ ਵਾਰ ਉਦੋਂ ਉਚਾਰੀ, ਮੈਂ ਕੀ ਬੋਲਾਂ :

***ਤੋ ਸੋ ਨ ਨਾਥੁ ਅਨਾਥ ਨ ਮੋ ਸਰਿ***
***ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ ।***

***(ਕਬਿੱਤ ਭਾਈ ਗੁਰਦਾਸ ਜੀ ੫੨੮)***

ਇਹ ਭਗਤੀ ਕਰਨਾ। ਭਾਈ ਗੁਰਦਾਸ ਜੀ ਕਹਿੰਦੇ, ਮੇਰੇ ਵਰਗਾ ਭਿਖਾਰੀ ਨਹੀਂ, ਮੇਰੇ ਵਰਗਾ ਅਉਗਣਹਾਰਾ ਨਹੀਂ। ਮੇਰੇ ਵਰਗਾ ਪਤਿਤ ਨਹੀਂ, ਆਪ ਜੀ ਵਰਗਾ ਪਾਵਨ ਨਹੀਂ। ਛੇਵੇਂ ਪਾਤਸ਼ਾਹ ਜੀ ਮੌਜ ਵਿੱਚ ਆ ਗਏ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਤੁਸੀਂ ਧੰਨ ਹੋ ਜਿਨ੍ਹਾਂ ਨੇ ਸਿੱਖੀ ਸਿਦਕ ਕਮਾਇਆ ਹੈ। ਉੱਥੋਂ ਦੇ ਸਰੀਰਾਂ ਨੇ ਕਹਿ ਦਿੱਤਾ, ਛੱਡੋ ਗੁਰੂ ਨੂੰ। ਤੁਸੀਂ ਸਿਦਕ ਕਮਾਇਆ ਹੈ। ਛੇਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ, ਭਾਈ ਗੁਰਦਾਸ ਜੀ ਤੁਸੀਂ ਧੰਨ ਹੋ ਜਿਹੜਾ ਗੁਰੂ ਦਾ ਸਿਦਕ ਕਮਾਇਆ ਹੈ। ਦੂਜੇ ਬਚਨ ਕੀਤੇ, ਤੁਸੀਂ ਮੇਰੇ ਅਤਿ ਪਿਆਰੇ ਸਿੱਖ ਹੋ। ਦਾਸ ਨੇ ਪਹਿਲੀ ਵਾਰੀ ਪੜ੍ਹਿਆ ਹੈ। ਸਾਡੇ ਛੇਵੇਂ ਪਾਤਸ਼ਾਹ ਜੀ ਭਾਈ ਗੁਰਦਾਸ ਜੀ ਦਾ ਸਿੱਖੀ ਸਿਦਕ ਵੇਖ ਕੇ, ਉਨ੍ਹਾਂ ਦਾ ਪਿਆਰ ਵੇਖ ਕੇ, ਇਹ ਸੁਨੇਹਾ ਭੇਜਿਆ, ਸਾਡਾ ਚੋਰ ਆਇਆ ਹੈ, ਤਾਂ ਵੀ ਕਿਹਾ, ਸ਼ੁਕਰ ਹੈ, ਗੁਰੂ ਸਾਹਿਬ ਨੇ ਪਿਆਰ ਦਿੱਤਾ ਹੈ, ਲੈ ਜਾਓ ਮੈਨੂੰ, ਗੰਢ ਪੈ ਜਾਵੇ। ਮਹਾਰਾਜ ਜੀ ਕਹਿੰਦੇ, ਤੁਸੀਂ ਮੇਰੇ ਸਿਦਕੀ ਸਿੱਖ ਹੋ। ਪਿਆਰੇ ਸਿੱਖ ਹੋ ਤੇ ਛੇਵੇਂ ਪਾਤਸ਼ਾਹ ਜੀ ਨੇ ਇੱਕ ਸਿਰੋਪਾਓ ਭਾਈ ਗੁਰਦਾਸ ਜੀ ਦੇ ਗਲ ਵਿੱਚ ਪਾਇਆ ਤੇ ਇੱਕ ਕੀਮਤੀ ਘੋੜਾ ਖੁਸ਼ ਹੋ ਕੇ ਬਖਸ਼ਿਸ਼ ਕੀਤਾ। ਘੋੜਾ ਤੇ ਸਿਰੋਪਾਓ ਬਖਸ਼ ਕੇ ਛੇਵੇਂ ਪਾਤਸ਼ਾਹ ਜੀ ਨੇ ਇੱਕ ਬੋਲ ਬੋਲਿਆ :

***ਇੱਕ ਗਿਆ ਸੀ ਸੱਤ ਸੌ ਲਿਆਇਆ ।***

ਸੱਤ ਸੌ ਮੁਰੀਦ ਭਾਈ ਗੁਰਦਾਸ ਜੀ ਦੇ ਨਾਲ ਸਨ। ਇਹ ਹਨ, ਸਿੱਖ। ਇਹ ਹੈ, ਸਿੱਖੀ। ਛੇਵੇਂ ਪਾਤਸ਼ਾਹ ਜੀ ਭਾਈ ਗੁਰਦਾਸ ਜੀ ਨੂੰ ਕਹਿੰਦੇ, ਸਾਡਾ ਸਿੱਖ ਇਸ ਤਰ੍ਹਾਂ ਵੀ ਕਿਤੇ ਗਿਆ ਹੈ, ਉੱਥੇ ਵੀ ਟੁੱਟਿਆਂ ਨੂੰ ਜੋੜਿਆ ਹੈ। 700 ਮੁਰੀਦ ਗੁਰੂ ਘਰ ਨਾਲ ਰੰਗੇ ਗਏ, ਉਹ ਨਾਲ ਆਏ।

***ਇੱਕ ਗਿਆ ਸੀ ਸੱਤ ਸੌ ਲਿਆਇਆ ।***

------------------

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।***

***(ਵਾਰ ੧੯, ਪਉੜੀ ੧੨)***

# ਅਧਿਆਤਮਿਕ ਵਿਚਾਰਾਂ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

—ਸੰਪਾਦਕ

**516**

ਮਾਇਆ, ਬਾਦਸ਼ਾਹੀ, ਰਾਜ ਭਾਗ ਇਹ ਸਾਰੇ ਵਾਹਿਗੁਰੂ ਜੀ ਦੇ ਨਾਮ ਤੋਂ ਥੱਲੇ ਹਨ।

**517**

ਸੁਰਤ ਵਿੱਚ ਸ਼ਬਦ ਵਸਾਉਣ ਦੇ ਨਾਲ ਮਾਲਕ ਦੇ ਦਰ ਦੇ ਨੇੜੇ ਪਹੁੰਚ ਜਾਈਦਾ ਹੈ।

**518**

ਸੁਰਤ ਫੁਰਨਿਆਂ ਵਿੱਚ ਨਾ ਰੁੱਝੀ ਰਹੇ, ਸੁਰਤ ਨਾਮ ਵਿੱਚ ਲਿਵਲੀਨ ਰਹੇ ਤੇ ਮਹਾਂ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਬੱਚਿਆਂ ਲਈ ਵਿਸ਼ੇਸ਼

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

*ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-*

**27. ਪ੍ਰ: ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਿਹੜੇ ਗੁਰੂ ਸਾਹਿਬ ਜੀ ਨੇ ਕੀਤੀ?**

ਉ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਦੇ ਪੰਨਾ 20 ਤੇ ਅੰਕਿਤ ਕੀਤਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਕੋਠਾ ਸਾਹਿਬ ਦੇ ਖੱਬੇ ਪਾਸੇ ਆਪਣਾ ਸੱਚਾ ਤਖ਼ਤ ਰਾਜ ਸਿੰਘਾਸਨ ਤਿਆਰ ਕਰਵਾਉਣ ਲਈ ਹਾੜ ਵਦੀ ਪੰਚਮੀ ਐਤਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਕੇ, ਤਖ਼ਤ ਦੀ ਨੀਂਹ ਆਪਣੇ ਪਵਿੱਤਰ ਕਰ ਕਮਲਾਂ ਨਾਲ ਰੱਖੀ। ਬਾਬਾ ਬੁੱਢਾ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਵੱਲੋਂ ਇਸ ਤਖ਼ਤ ਦੀ ਉਸਾਰੀ ਦੇ ਕਾਰਜ ਕਰਵਾਏ ਗਏ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਲਿਖਿਆ ਹੈ:

***ਹਾੜ ਪੰਚਮੀ ਕੋ ਦਿਨ ਜਾਨ।***
***ਸ੍ਰੀ ਗੁਰੂ ਉਦਮ ਕੀਨ ਮਹਾਨ।***
***ਰਵਿ ਦਿਨ ਪੰਚਮ ਥਿਤ ਲਗਨ ਉਤਮ ਸਮਾ ਵਿਚਾਰ।***
***ਕਰ ਅਰਦਾਸ ਸ੍ਰੀ ਸਤਿਗੁਰੂ ਪੁੰਨ ਪ੍ਰਸਾਦਿ ਵਰਤਾਇ।***
***ਪ੍ਰਿਥਮ ਨੀਂਵ ਸ੍ਰੀ ਗੁਰੂ ਰਖੀ ਅਬਚਲ ਤਖਤ ਸੁਹਾਇ।***
***ਚੌਪਈ: ਕਿਸੀ ਰਾਜ ਨਹਿ ਹਾਥ ਲਗਾਯੋ।***
***ਬੁਢਾ ਔ ਗੁਰਦਾਸ ਬਨਾਯੋ।***

26 ਹਾੜ ਸੁਦੀ ਦਸਮੀ ਸੰਮਤ 1663 ਈ. ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਰਾਜ ਸਿੰਘਾਸਨ ਸਜਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਜਗਤ ਨੂੰ ਤਾਰਨ ਲਈ ਅਤੇ ਸ਼ਤਰੂਆਂ ਦਾ ਨਾਸ ਕਰਨ ਲਈ ਕੀਤੀ ਗਈ।

❁❁❁

**28. ਪ੍ਰ: ਗੁ: ਬਿਬੇਕਸਰ ਸਾਹਿਬ ਸਰੋਵਰ ਦਾ ਨਿਰਮਾਣ ਕਿਹੜੇ ਗੁਰੂ ਸਾਹਿਬ ਜੀ ਨੇ ਕਰਵਾਇਆ?**

ਉ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਇਹ ਪਾਵਨ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਬਿਲਕੁਲ ਨਜ਼ਦੀਕ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ ਤੇ ਸੁਭਾਇਮਾਨ ਹੈ। 1685 ਬਿਕਰਮੀ ਵਿੱਚ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਆਪ ਇਸ ਪਾਵਨ ਸਰੋਵਰ ਦਾ ਟੱਕ ਲਗਾਇਆ ਅਤੇ ਨਾਂ ਗੁ: ਬਿਬੇਕਸਰ ਸਾਹਿਬ ਰੱਖਿਆ। ਇੱਥੇ ਇੱਕ ਕਰੀਰ ਦਾ ਰੁੱਖ ਹੈ ਜਿਸ ਨਾਲ ਸਤਿਗੁਰੂ ਜੀ ਘੋੜਾ ਬੰਨਿਆ ਕਰਦੇ ਸਨ। ਇੱਥੇ ਦਰਸ਼ਨ ਇਸ਼ਨਾਨ ਨਾਲ ਬਿਬੇਕ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ।

❀❀❀

**29. ਪ੍ਰ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਹੜੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ, ਉਨ੍ਹਾਂ ਦੇ ਨਾਂ ਲਿਖੋ?**

ਉ: ਮੀਰੀ ਤੇ ਪੀਰੀ

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਇਹ ਦੋ ਕਿਰਪਾਨਾਂ ਪਹਿਨਾਈਆਂ। ਢਾਡੀ ਅਬਦੁਲਾ ਜੀ ਨੇ ਬੜਾ ਸੁਹਣਾ ਲਿਖਿਆ ਹੈ:

***ਦੋ ਤਲਵਾਰੀਂ ਬੱਧੀਆਂ,***
***ਇਕ ਮੀਰੀ ਦੀ ਇਕ ਪੀਰੀ ਦੀ।***
***ਇਕ ਅਜ਼ਮਤ ਦੀ ਇਕ ਰਾਜ ਦੀ,***
***ਇਕ ਰਾਖੀ ਕਰੇ ਵਜੀਰੀ ਦੀ।***

❀❀❀

**30. ਪ੍ਰ: ਕਿਹੜੇ ਪਿਆਰੇ ਗੁਰਸਿੱਖ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਤੇ ਕਿੱਥੇ ਸ਼ਹੀਦ ਕੀਤਾ ਗਿਆ?**

ਉ: ਧੰਨ ਧੰਨ ਭਾਈ ਮਨੀ ਸਿੰਘ ਜੀ, ਜਿਨ੍ਹਾਂ ਨੂੰ ਲਾਹੌਰ ਦੇ ਨਖਾਸ ਚੌਕ ਵਿਖੇ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਸੰਨ 1738 ਦੀ ਦੀਵਾਲੀ ਨੂੰ ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਇਕੱਠ ਕਰਨ ਦੀ ਸੋਚੀ। ਜ਼ਕਰੀਆ ਖਾਨ ਨੇ ਇਸ ਸ਼ਰਤ ਉੱਤੇ ਇਜ਼ਾਜਤ ਦਿੱਤੀ ਕਿ 5000 ਰੁਪਏ ਕਰ (ਟੈਕਸ) ਵਜੋਂ ਤਾਰੇ ਜਾਣਗੇ। ਭਾਈ ਸਾਹਿਬ ਜੀ ਨੇ ਪ੍ਰਵਾਨ ਕਰ ਲਿਆ ਕਿਉਂਕਿ ਉਹ ਹਰ ਹੀਲੇ ਇਕੱਠ ਕਰਨਾ ਬਹੁਤ ਜ਼ਰੂਰੀ ਸਮਝਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਰੁਪਏ ਸਰਬੱਤ ਖਾਲਸਾ ਦੇ ਜੁੜਨ ਸਮੇਂ ਆਸਾਨੀ ਨਾਲ ਇਕੱਠੇ ਹੋ ਜਾਣਗੇ।

ਦੂਸਰੇ ਪਾਸੇ ਜ਼ਕਰੀਆ ਖਾਨ ਵੀ ਤਾਕ ਵਿੱਚ ਸੀ। ਸਿੱਖਾਂ ਦੇ ਇਕੱਠ ਨੂੰ ਉਹ ਜਾਲ ਵਿੱਚ ਆਇਆ ਇੱਕ ਸ਼ਿਕਾਰ ਸਮਝਦਾ ਸੀ। ਉਸ ਦੀ ਵਿਉਂਤ ਇਹ ਸੀ ਕਿ ਜੁੜੇ ਖਾਲਸੇ ਨੂੰ ਦੀਵਾਲੀ ਵਾਲੀ ਰਾਤ ਘੇਰ ਕੇ ਤੋਪਾਂ ਨਾਲ ਉਡਾ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਨੇ ਉਸ ਸਮੇਂ ਦੀਵਾਲੀ ਵਾਸਤੇ ਉਚੇਚੇ ਹੁਕਮਨਾਮੇ ਵੀ ਭੇਜੇ ਸਨ। ਜ਼ਕਰੀਆ ਖਾਨ ਦੀ ਚਾਲ ਇਹ ਸੀ ਕਿ ਦੀਵਾਨ ਲਖਪਤ ਰਾਏ ਨੂੰ ਭਾਰੀ ਫੌਜ ਦੇ ਕੇ ਰਾਮ ਤੀਰਥ ਭੇਜਿਆ ਜਾਏ ਤੇ ਦੀਵਾਲੀ ਦੀ ਰਾਤ ਨੂੰ ਹਮਲਾ ਬੋਲ ਕੇ ਸਿੱਖਾਂ ਦੀ ਕਤਲੇਆਮ ਕੀਤੀ ਜਾਏ। ਫੌਜਾਂ ਇਕੱਠੀਆਂ ਹੁੰਦੀਆਂ ਦੇਖ ਕੇ ਅਤੇ ਸੂਹ ਮਿਲਣ ਉੱਤੇ ਭਾਈ ਮਨੀ ਸਿੰਘ ਜੀ ਨੇ ਸਿੰਘਾਂ ਨੂੰ ਦੁੜਾਇਆ ਕਿ ਰਸਤੇ ਵਿੱਚ ਹੀ ਆਉਣ ਵਾਲੇ ਸਾਰੇ ਸਿੰਘਾਂ ਨੂੰ ਰੋਕ ਦਿੱਤਾ ਜਾਏ ਪਰ ਫਿਰ ਵੀ ਸਾਰੇ ਰੋਕੇ ਨਾ ਜਾ ਸਕੇ ਤੇ ਚੋਖਾ ਇਕੱਠ ਹੋ ਗਿਆ। ਚਾਲ ਅਨੁਸਾਰ ਲਖਪਤ ਰਾਏ ਨੇ ਹਮਲਾ ਕਰ ਦਿੱਤਾ।

ਦੀਵਾਨ ਨਾ ਲੱਗ ਸਕਿਆ। ਕਈ ਇਸ਼ਨਾਨ ਕਰਦੇ ਹੀ ਸ਼ਹੀਦ ਕਰ ਦਿੱਤੇ ਗਏ ਤੇ ਕਈ ਇਸ਼ਨਾਨ ਕਰਕੇ ਨਿਕਲਦੇ ਹੀ ਪ੍ਰਕਰਮਾ ਵਿੱਚ ਹੀ ਖਤਮ ਕਰ ਦਿੱਤੇ ਗਏ। ਭਾਈ ਮਨੀ ਸਿੰਘ ਜੀ ਨੇ ਰੋਸ ਮਨਾਇਆ ਤੇ ਹਕੂਮਤ ਦੇ ਕਰਮਚਾਰੀਆਂ ਕੋਲ ਸਾਜ਼ਿਸ਼ ਦੀ ਨਿਖੇਧੀ ਭੇਜੀ ਪਰ ਉਲਟਾ ਜ਼ਕਰੀਆ ਖਾਨ ਨੇ 5000 ਰੁਪਏ ਦੀ ਮੰਗ ਕੀਤੀ। ਭਾਈ ਸਾਹਿਬ ਜੀ ਨੇ ਕਿਹਾ ਕਿ ਇਕੱਠ ਤਾਂ ਹੋ ਨਹੀਂ ਸਕਿਆ, ਰੁਪਏ ਕਿਸ ਗੱਲ ਦੇ? ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਜ਼ਕਰੀਆ ਖਾਨ ਨੇ ਇਸਲਾਮ ਕਬੂਲ ਕਰਨ ਲਈ ਕਹਿਆ ਅਤੇ ਜੁਰਮਾਨਾ ਨਾ ਤਾਰਨ ਦੀ ਸੂਰਤ ਵਿੱਚ ਬੰਦ-ਬੰਦ ਕੱਟਣ ਦਾ ਹੁਕਮ ਦਿੱਤਾ। ਭਾਈ ਮਨੀ ਸਿੰਘ ਜੀ ਨੇ ਸ਼ਹਾਦਤ ਕਬੂਲ ਕਰਦੇ ਹੋਏ ਕਿਹਾ ਕਿ ਜ਼ਕਰੀਆ ਖਾਨ ਤੂੰ ਬੰਦ-ਬੰਦ ਕੱਟ ਕੇ ਸ਼ਹਾਦਤ ਦੇਣ ਦੀ ਗੱਲ ਕਰਦਾ ਹੈ ਦਾਸ ਤਾਂ ਕਈ ਜਨਮ ਸਿੱਖੀ ਤੋਂ ਵਾਰਨ ਲਈ ਤਿਆਰ ਹੈ। ਕਾਜ਼ੀ ਨੇ ਬੰਦ-ਬੰਦ ਕੱਟਣ ਦਾ ਹੁਕਮ ਸੁਣਾਇਆ ਤੇ ਸ਼ਾਹੀ ਕਿਲ੍ਹੇ ਦੇ ਲਾਗੇ ਮੈਦਾਨ ਵਿੱਚ ਬੰਦ-ਬੰਦ ਕੱਟਣ ਲਈ ਲੈ ਗਏ। ਭਾਈ ਮਨੀ ਸਿੰਘ ਜੀ ਨੇ ਸ਼ਹਾਦਤ ਦਾ ਜਾਮ ਹੱਸ ਕੇ ਕਬੂਲ ਕੀਤਾ। ਭਾਈ ਮਨੀ ਸਿੰਘ ਜੀ ਦੇ ਕਈ ਸਾਥੀਆਂ ਨੂੰ ਵੀ ਸਖਤ ਸਜ਼ਾਵਾਂ ਦਿੱਤੀਆਂ ਗਈਆਂ। ਭਾਈ ਦੀਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਨ ਦਾ ਹੁਕਮ ਦਿੱਤਾ ਗਿਆ। ਆਪ ਜੀ ਦੀ ਪਾਵਨ ਸ਼ਹੀਦੀ ਦੀ ਯਾਦ ਵਿੱਚ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਲਾਹੌਰ ਦੇ ਕਿਲ੍ਹੇ ਕੋਲ ਹੈ।

ਹੋਰ ਵੱਡੀ ਗੱਲ, ਭਾਈ ਮਨੀ ਸਿੰਘ ਜੀ ਦਾ ਗੁਰੂ ਸਾਹਿਬ ਦੇ ਚਰਨਾਂ ਨਾਲ ਕਿੰਨਾ ਪਿਆਰ ਸੀ ਕਿ ਭਾਈ ਮਨੀ ਸਿੰਘ ਜੀ ਦੇ 12 ਭਰਾਵਾਂ ਵਿੱਚੋਂ ਭਾਈ ਮਨੀ ਸਿੰਘ ਜੀ ਸਮੇਤ 11 ਭਰਾ, 10 ਪੁੱਤਰਾਂ ਵਿੱਚੋਂ 7 ਪੁੱਤਰ ਅਤੇ 10 ਪੋਤਰਿਆਂ ਨੇ ਸ਼ਹੀਦੀ ਦਾ ਜਾਮ ਪੀਤਾ। ਸਾਰੇ ਪਰਿਵਾਰ ਨੇ ਸਿੱਖੀ ਸਿਦਕ ਨੂੰ ਨਿਭਾਉਂਦੇ ਹੋਇਆਂ ਸ਼ਹੀਦੀ ਪ੍ਰਾਪਤ ਕੀਤੀ।

❁❁❁

---

*ਪੰਨਾ 19 ਦਾ ਬਾਕੀ ਹਿੱਸਾ—*

10. **ਸਵਾਲ: ਸਤਿਕਾਰਯੋਗ ਵੀਰ ਜੀ, ਜਦੋਂ ਕਿਸੇ ਸਰੀਰ ਨੂੰ ਆਪਣੀ ਕੀਤੀ ਗਲਤੀ ਦਾ ਅਹਿਸਾਸ ਹੋ ਜਾਵੇ ਕਿ ਮੇਰੇ ਕੋਲੋਂ ਗਲਤੀ ਹੋ ਗਈ ਹੈ ਤਾਂ ਉਸ ਨੂੰ ਕਿਵੇਂ ਭੁੱਲ ਬਖਸ਼ਾਉਣੀ ਚਾਹੀਦੀ ਹੈ?**

**ਜਵਾਬ:** ਵੈਸੇ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਾਣ-ਬੁੱਝ ਕੇ ਕੋਈ ਗਲਤੀ ਨਾ ਹੋਵੇ ਪਰ ਜੇਕਰ ਅਣਜਾਣਪੁਣੇ ਵਿੱਚ ਕੋਈ ਗਲਤੀ ਹੋ ਗਈ ਹੈ ਤਾਂ ਆਪਣੇ 'ਤੇ ਛੋਟੇ-ਛੋਟੇ ਗੁਰਬਾਣੀ ਦੇ ਬੈਨ ਲਗਾ ਕੇ ਕੀਤੀ ਹੋਈ ਗਲਤੀ ਦੀ ਮੁਆਫੀ ਮੰਗੋ ਤੇ ਜੇ ਗਲਤੀ ਵੱਡੀ ਹੈ ਤਾਂ ਪੰਜਾਂ ਪਿਆਰਿਆਂ ਪਾਸ ਪੇਸ਼ ਹੋ ਕੇ ਭੁੱਲ ਬਖਸ਼ਾਵੇ। ਜਦੋਂ ਇਸ ਤਰ੍ਹਾਂ ਗੁਰਬਾਣੀ ਪੜ੍ਹ ਕੇ ਅਤੇ ਮਨ ਨੀਵਾਂ ਕਰਕੇ ਮਾਫ਼ੀ ਮੰਗੀ ਜਾਵੇ ਤਾਂ ਫਿਰ ਗੁਰੂ ਨਾਨਕ ਸਾਹਿਬ ਬਖਸ਼ਿਸ਼ ਦੇ ਘਰ ਵਿੱਚ ਆ ਕੇ ਵਰਕੇ ਪਾੜ ਦਿੰਦੇ ਹਨ। ਪਵਿੱਤਰ ਗੁਰਬਾਣੀ ਦਾ ਫ਼ਰਮਾਨ ਹੈ:

*ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ*
*ਅਉਗਣ ਕਟੇ ਕਰੇ ਸੁਧੁ ਦੇਹਾ॥*

*(ਅੰਗ ੯੬੦)*

❁❁❁

# ਅਨਮੋਲ ਬਚਨ

ਸੰਗ੍ਰਿਹ ਕਰਤਾ
-ਸੰਪਾਦਕ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

**288** ਬੱਚੇ ਦੇ ਜਨਮ ਤੋਂ ਬਾਅਦ ਬੱਚੇ ਦੀ ਮਾਤਾ ਜਾਂ ਹੋਰ ਪਰਿਵਾਰਕ ਮੈਂਬਰ ਬੱਚੇ ਨੂੰ ਇੱਕ ਸਾਲ ਤੱਕ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੁਣਾਉਣ, ਉਹ ਬੱਚਾ ਕਦੀ ਵੀ ਮਨਮੁਖ ਨਹੀਂ ਨਿਕਲੇਗਾ।

**289** ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਾਰ ਸਰੂਪ ਹਨ-

1. ਨਿਰਗੁਣ, 2. ਸਰਗੁਣ, 3. ਗੁਰਬਾਣੀ, 4. ਗਰੀਬੀ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

—ਭਾਈ ਅਮਰੀਕ ਸਿੰਘ ਗਨੈਸਕ

**122** ਛੁੱਟੀ ਸਭ ਨੂੰ ਚੰਗੀ ਲੱਗਦੀ ਹੈ ਇਵੇਂ ਹੀ ਦੁੱਖਾਂ ਤੋਂ ਆਵਾਗਉਣ ਤੋਂ ਛੁਟਕਾਰਾ ਸਾਰੇ ਚਾਹੁੰਦੇ ਹਨ। ਜੋ ਜਪਦੇ ਨੇ, ਘਾਲਣਾ ਘਾਲਦੇ ਨੇ, ਆਪ ਵੀ ਛੁੱਟਦੇ ਨੇ ਤੇ ਹੋਰ ਅਨੇਕਾਂ ਦਾ ਛੁਟਕਾਰਾ ਵੀ ਕਰਵਾ ਦਿੰਦੇ ਨੇ।

**123** ਵੈਰਾਗ ਤੋਂ ਬਿਨਾਂ ਪ੍ਰਾਪਤੀ ਨਹੀਂ ਹੁੰਦੀ।

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸ਼ਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਕੁਝ ਸਮਾਂ ਸੰਤ ਜੀ ਨਾਲ ਬਚਨ ਕਰਨ ਉਪਰੰਤ ਨਾਨਕਸਰ ਆ ਗਏ। ਬਾਬਾ ਜੀ ਲਈ ਸੰਤ ਜੀ ਦੇ ਮਨ ਵਿੱਚ ਜੋ ਪ੍ਰੇਮ ਸੀ, ਉਨ੍ਹਾਂ ਦੀ ਲਿਖਤ ਮਾਲਵਾ ਇਤਿਹਾਸ ਦੀ ਤੀਜੀ ਜਿਲਦ ਵਿੱਚ ਉਨ੍ਹਾਂ ਦੇ ਲਿਖੇ ਸ਼ਬਦਾਂ ਤੋਂ ਪ੍ਰਗਟ ਹੋ ਜਾਂਦਾ ਹੈ। ਬਾਬਾ ਜੀ ਦੀ ਅੰਤਰ ਧਿਆਨਤਾ ਬਾਰੇ ਲਿਖਦੇ ਹਨ- "ਆਪ ਜੀ ਅੰਤਰ ਧਿਆਨੀ ਇੰਨੇ ਸਨ ਕਿ ਕਈ ਘੰਟੇ ਇੱਕ ਟਕ ਆਤਮਿਕ ਅਨੰਦ ਮਾਣਦੇ ਰਹਿੰਦੇ, ਜਿਸ ਦੇ ਭੇਦ ਨੂੰ ਹੋਰ ਕੋਈ ਨਹੀਂ ਪੁੱਜ ਸਕਦਾ। ਸਿਰਫ ਅੰਤਰ ਧਿਆਨੀ ਤੇ ਰੰਗ ਚਲੂਲੇ ਸੁਰਤ ਮੱਤ ਦੇ ਮਤਵਾਲੇ ਹੀ ਬੁਝ ਸਕਦੇ ਸਨ।"



ਸੰਤ ਜੀ ਆਏ ਤਾਂ ਬਾਬਾ ਜੀ ਨੇ ਸਤਿਕਾਰ ਕੀਤਾ। ਪਰਮਾਰਥਕ ਬਚਨ ਹੋਣ ਲੱਗੇ। ਬਚਨ ਕਰਦਿਆਂ ਸੰਤ ਜੀ ਨੇ ਇੱਕ ਸ਼ੰਕਾ ਪ੍ਰਗਟ ਕੀਤੀ, "ਬਾਬਾ ਜੀ ਮੈਂ ਇੱਕ ਕਿਤਾਬ ਵਿੱਚ ਪੜ੍ਹਿਆ ਐ ਕਿ ਸੰਤ ਫਕੀਰ ਬਿਹੰਗਮ ਨੂੰ ਮੁਕਤੀ ਮਿਲਣੀ ਬਹੁਤ ਔਖੀ ਹੁੰਦੀ ਐ। ਇਹ ਕਿਵੇਂ ਐ?"

"ਤੁਹਾਡਾ ਕੀ ਵਿਚਾਰ ਐ?" ਬਾਬਾ ਜੀ ਨੇ ਸੰਤ ਜੀ ਨੂੰ ਪ੍ਰਸ਼ਨ ਪਾਇਆ।

"ਜੇ ਮੁਕਤੀ ਹੀ ਨਹੀਂ ਮਿਲਣੀ ਨਿਰੰਕਾਰ ਵਿੱਚ ਅਭੇਦਤਾ ਹੀ ਨਹੀਂ ਹੋਣੀ ਤਾਂ ਲਾਭ ਕੀ ਹੋਇਆ।" ਸੰਤ ਜੀ ਨੇ ਸ਼ੰਕਾ ਦੁਹਰਾਈ।

"ਸੰਤ ਜੀ ਜੇ ਕੋਈ ਗ੍ਰਹਿਸਥ ਹੈ ਉਸ ਲਈ ਪ੍ਰਾਪਤੀ ਸੌਖੀ ਹੈ। ਸਿਮਰਨ ਕਰਦਾ ਹੈ। ਦਸਾਂ ਨਹੁੰਆਂ ਦੀ ਕਿਰਤ ਕਰਦਾ ਹੈ। ਆਪਣਾ ਟੱਬਰ ਵੀ ਪਾਲਦਾ ਐ ਤੇ ਆਏ ਗਏ ਦੀ ਸੇਵਾ ਵੀ ਕਰਦਾ ਐ। ਗੁਰੂ ਘਰ ਵਿੱਚ ਸੇਵਾ ਕਰਦਾ ਐ। ਸਾਧੂ-ਸੰਤਾਂ ਨੂੰ ਪਰਸ਼ਾਦਾ ਛਕਾਉਂਦਾ ਐ। ਇਉਂ ਆਪਣੇ ਪੁੰਨ ਬਣਾਉਂਦਾ ਐ। ਮਿਹਨਤ ਥੋੜ੍ਹੀ ਫਲ ਬਹੁਤਾ। ਬਿਹੰਗਮ ਜੋ ਹੈ ਜਪ-ਤਪ ਕਰਦਾ ਐ। ਗ੍ਰਹਿਸਥਾਂ ਤੋਂ ਲੈ ਕੇ ਪਰਸ਼ਾਦਾ ਛਕਦਾ ਐ। ਹੁਣ ਜੋ ਗ੍ਰਹਿਸਥੀ ਸੇਵਾ ਕਰਦਾ ਐ, ਜਪ-ਤਪ ਵਿੱਚੋਂ ਫਲ ਲੈ ਜਾਂਦਾ ਐ। ਹੁਣ ਕਿਆ ਹੁੰਦਾ ਐ, ਜੋ ਸੇਵਾ ਕਰਦੇ ਐ, ਉਨ੍ਹਾਂ ਨਾਲ ਮੋਹ ਪਾ ਲੈਂਦਾ ਐ। ਉਨ੍ਹਾਂ ਦੇ ਕਾਰਜਾਂ ਲਈ ਅਰਦਾਸਾਂ ਕਰਦਾ ਐ। ਆਖਦਾ ਹੈ ਹੇ ਨਿਰੰਕਾਰ ਇਹਦਾ ਆਹ ਕੰਮ ਕਰ ਦੇ। ਮਨ ਵਿੱਚ ਫੁਰਨਾ ਹੁੰਦਾ ਐ ਜੇ ਨਾ ਕੰਮ ਹੋਇਆ ਤਾਂ ਹੱਤਕ ਐ।

ਇਹ ਸੰਗਲ ਐ। ਇਹ ਹਉਮੈ ਦਾ ਜੰਜਾਲ ਐ। ਅੱਗੇ ਜੇ ਜਪ-ਤਪ ਕਰਦਿਆਂ ਰਿਧੀ-ਸਿਧੀ ਫੁਰ ਗਈ ਤਾਂ ਇੱਥੇ ਅਟਕ ਜਾਂਦਾ ਹੈ। ਸਿੱਖ ਸੇਵਕੀ ਬਣਾ ਲੈਂਦਾ ਐ। ਇਨ੍ਹਾਂ ਜੰਜਾਲਾਂ ਨੂੰ ਕੋਈ ਵਿਰਲਾ ਹੀ ਲਤਾੜ ਕੇ ਅੱਗੇ ਵਧਦਾ ਐ। ਉਹ ਬੇਨਤੀ ਕਰਦਾ ਐ ਨਿਰੰਕਾਰ ਮੈਨੂੰ ਆਪਣਾ ਬਣਾ ਲੈ, ਜੋ ਭਾਵੇ ਸੋ ਕਰਾ, ਜੋ ਨਾ ਭਾਵੇ ਸੋ ਨਾ ਕਰਾ, ਜੋ ਮੈਂ ਆਪਣੀ ਮੱਤ ਨਾਲ ਕਰਾਂ ਉਸ ਵਿੱਚ ਵਿਘਨ ਪਾ ਦੇ। ਉਹ ਆਪਾ ਗੁਰੂ ਦੇ ਅਰਪਣ ਕਰ ਦਿੰਦਾ ਐ। ਕੋਈ ਵਿਰਲਾ ਹੀ ਹੁੰਦਾ ਐ। ਸੋ ਸੰਤ ਜੀ ਬਿਹੰਗਮ ਲਈ ਹਉਮੈ ਅਤੇ ਮੋਹ ਦਾ ਜਾਲ ਤੋੜਨਾ ਔਖਾ ਹੁੰਦਾ ਐ। ਕੋਈ ਵਿਰਲਾ ਹੀ ਤੋੜ ਕੇ ਅੱਗੇ ਲੰਘਦਾ ਐ। ਨਿਰੰਕਾਰ ਵਿੱਚ ਅਭੇਦ ਹੋ ਜਾਂਦਾ ਐ।"

ਇਸ ਸੰਬੰਧ ਵਿੱਚ ਸੰਤ ਅਤਰ ਸਿੰਘ ਜੀ ਮਸਤੂਆਣਾ ਇੱਕ ਸਾਖੀ ਸੁਣਾਇਆ ਕਰਦੇ ਸਨ- ਇੱਕ ਵਾਰ ਇੱਕ ਫਕੀਰ ਨੇ ਸ਼ਹਿਰ ਵਿੱਚ ਸਦਾ ਕੀਤੀ, "ਕੋਈ ਕਬਰ ਵਿੱਚ ਪਾ ਲਓ।"

ਇੱਕ ਗ੍ਰਹਿਸਥੀ ਰਮਜ਼ ਨੂੰ ਸਮਝ ਕੇ ਉਸਨੂੰ ਘਰ ਲੈ ਆਇਆ। ਘਰ ਦੇ ਚੁਬਾਰੇ ਵਿੱਚ ਇਕਾਂਤ ਆਸਣ ਕਰਾ ਦਿੱਤਾ। ਬਹੁਤ ਪ੍ਰੇਮ ਨਾਲ ਸੇਵਾ ਕਰਦਾ। ਦਿਨ ਲੰਘਦੇ ਗਏ। ਫਕੀਰ ਵਿੱਚ ਮੋਹ ਜਾਗ ਪਿਆ। ਇੱਕ ਦਿਨ ਉਸ ਗ੍ਰਹਿਸਥੀ ਦੀਆਂ ਮੱਝਾਂ ਕੋਈ ਚੋਰੀ ਕਰਕੇ ਲੈ ਗਿਆ। ਫਕੀਰ ਫਿਕਰਾਂ 'ਚ ਪੈ ਗਿਆ। ਮੋਹ ਦਾ ਬੱਧਾ ਇਸ਼ਨਾਨ ਦਾ ਬਹਾਨਾ ਕਰਕੇ ਜੰਗਲ ਵਿੱਚ ਮੱਝਾਂ ਲੱਭਣ ਲੱਗਾ। ਕੁਦਰਤੀ ਮੱਝਾਂ ਮਿਲ ਪਈਆਂ। ਇਸ਼ਨਾਨ ਕਰਕੇ ਆਪਣੀ ਕੁਪੀਨ (ਲੰਗੋਟ) ਮੱਝਾਂ ਕੋਲ ਇੱਕ ਦਰੱਖਤ 'ਤੇ ਸੁੱਕਣੀ ਪਾ ਕੇ ਮੁੜ ਆਇਆ। ਆ ਕੇ ਉਸ ਪ੍ਰੇਮੀ ਦੇ ਪੁੱਤਰ ਨੂੰ ਕੁਪੀਨ ਲੈਣ ਭੇਜ ਦਿੱਤਾ। ਉਸਨੇ ਮੱਝਾਂ ਦੇਖੀਆਂ ਤਾਂ ਖੁਸ਼ੀ-ਖੁਸ਼ੀ ਘਰ ਲੈ ਆਇਆ। ਉਸ ਪ੍ਰੇਮੀ ਨੂੰ ਆਪਣੇ ਪੁੱਤਰ ਤੋਂ ਜਦ ਇਹ ਪਤਾ ਲੱਗਾ ਕਿ ਉਹ ਫਕੀਰ ਦੇ ਕਹਿਣ 'ਤੇ ਉਸਦੀ ਕੁਪੀਨ ਲੈਣ ਜੰਗਲ ਵਿੱਚ ਗਿਆ ਤਾਂ ਮੱਝਾਂ ਲੱਭ ਪਈਆਂ, ਤਾਂ ਉਹ ਪ੍ਰੇਮੀ ਸਮਝ ਗਿਆ ਕਿ ਫਕੀਰ ਮੋਹ ਵਿੱਚ ਫਸ ਚੁੱਕਾ ਹੈ। ਉਸਨੇ ਡਾਂਗ ਫੜ ਲਈ ਤੇ ਫਕੀਰ ਨੂੰ ਆਖਿਆ, "ਹੁਣ ਤੁਸੀਂ ਕਬਰ ਦੇ ਲਾਇਕ ਨਹੀਂ ਰਹੇ, ਆਪਣਾ ਡੇਰਾ ਕੂਚ ਕਰੋ।"

ਸੰਤ ਜੀ ਇਹ ਸਾਖੀ ਸੁਣਾ ਕੇ ਕਿਹਾ ਕਰਦੇ ਕਿ ਫਕੀਰ ਕਿਸੇ ਇੱਕ ਦੇ ਘਰ ਅੰਨ ਬਸਤਰ ਗ੍ਰਹਿਣ ਨਾ ਕਰੇ, ਇਸ ਨਾਲ ਸੇਵਾ ਕਰਨ ਵਾਲੇ ਨਾਲ ਮੋਹ ਜਾਗ ਪੈਂਦਾ ਹੈ ਅਤੇ ਬਿਰਤੀ ਵਿੱਚ ਪਕੜ ਆ ਜਾਂਦੀ ਹੈ।

ਜੋ ਸੱਚੇ ਬਿਹੰਗਮ ਹੁੰਦੇ ਨੇ, ਜਿਨ੍ਹਾਂ ਵਿੱਚ ਪ੍ਰਾਪਤੀ ਦੀ ਇੱਛਾ ਪ੍ਰਬਲ ਹੁੰਦੀ ਹੈ, ਉਹ ਰਾਹ ਵਿੱਚ ਨਹੀਂ ਅਟਕਦੇ। ਉਨ੍ਹਾਂ ਨੇ ਆਪਣਾ ਆਪ ਗੁਰੂ ਨੂੰ ਅਰਪਣ ਕੀਤਾ ਹੁੰਦਾ ਹੈ। ਜੇ ਕੋਈ ਪਰਸ਼ਾਦੇ ਪਾਣੀ ਦੀ ਸੇਵਾ ਕਰਦਾ ਹੈ ਤਾਂ ਗੁਰੂ ਦਾ ਦਿੱਤਾ ਜਾਣਦੇ ਨੇ, ਲੈ ਕੇ ਆਉਣ ਵਾਲੇ ਦਾ ਨਹੀਂ। ਜੇ ਸੇਵਾ ਕਰਨ ਵਾਲੇ ਦੀ ਕੋਈ ਮੰਗ ਹੋਵੇ ਤਾਂ ਗੁਰੂ ਅੱਗੇ ਅਰਦਾਸ ਕਰਨ ਲਈ ਆਖਦੇ ਨੇ, ਆਪ ਨਿਰਲੇਪ ਰਹਿੰਦੇ ਨੇਂ। ਐਸੇ ਬਿਹੰਗਮ ਹੰਸ ਦੀ ਉਡਾਰੀ ਵੱਤ ਸੰਸਾਰ ਸਮੁੰਦਰ ਨੂੰ ਛੇਤੀ ਹੀ ਪਾਰ ਕਰਕੇ ਜੀਵਨ ਮੁਕਤੀ ਦੀ ਅਵਸਥਾ ਪ੍ਰਾਪਤ ਕਰਦੇ ਨੇ। ਬਿਹੰਗਮ ਮਾਰਗ ਹੰਸ ਦੀ ਉਡਾਰੀ ਵੱਤ ਹੈ, ਜੇ ਰੋਕ ਪੈ ਜਾਵੇ ਤਾਂ ਡੁੱਬਣ ਦਾ ਡਰ ਹੁੰਦਾ ਹੈ। ਦੂਜੇ ਪਾਸੇ ਗ੍ਰਹਿਸਥ ਮਾਰਗ ਸਹਿਜ ਗਤੀ ਵਾਲਾ ਹੁੰਦਾ ਹੈ। ਕਿਸੇ ਤਰ੍ਹਾਂ ਦੀ ਰੋਕ ਪੈਣ ਦਾ ਡਰ ਘੱਟ ਹੁੰਦਾ ਹੈ।

ਉਂਝ ਤਾਂ ਪ੍ਰਾਪਤੀ ਕਿਸੇ ਵੀ ਮਾਰਗ ਰਾਹੀਂ ਸੌਖੀ ਨਹੀਂ, ਭਾਵੇਂ ਗ੍ਰਹਿਸਥ ਹੋਵੇ ਜਾਂ ਬਿਹੰਗਮ ਆਪਾ ਗੁਰੂ ਦੇ ਅਰਪਣ ਕੀਤੇ ਬਿਨਾਂ ਪ੍ਰਾਪਤੀ ਨਹੀਂ ਹੋ ਸਕਦੀ।

ਬਾਬਾ ਜੀ ਦੇ ਬਚਨਾਂ ਦੁਆਰਾ ਸੰਤ ਵਿਸਾਖਾ ਸਿੰਘ ਜੀ ਦੀ ਸ਼ੰਕਾ ਨਵਿਰਤ ਹੋ ਗਈ।

*—ਚਲਦਾ*

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# लिखे हुए कर्मों से भी बड़ी है गुरु की कृपा

—जसविन्द्र सिंघ (पटियाला)

***बाबुलु मेरा वड समरथा करण कारण प्रभु हारा।।***

*(अंग ७७८)*

छठे पातशाह जी के प्यार में, सत्कार में अपने प्रीतम प्यारे सतिगुरु जी को दीन—दुनिया के मालिक वाली भावना रखकर प्रेम से कहो सतिनाम श्री वाहिगुरु जी।

इस संसार मे बहुत बलवान है जन्म व मौत। इस संसार में बहुत बलवान तेरे माथे पर लिखे हुए लेख हैं। कितने बलवान हैं? तूने इतने साल गरीबी को भोगना है, यह लिखे हुए तेरे लेख हैं। लेख कितने बलवान हैं। कितने ही शरीर लेखों के कारण चिंता में हैं, कई शरीर लेखों के कारण किसी दूसरे व्यक्ति से बड़े दुखी हैं। लेख कितने बलवान हैं, जन्म व मौत कितनी बलवान है पर इनसे भी बलवान है छठे पातशाह जी, आप जी की कृपा—दृष्टि।

एक पण्डित ने कहा था बाबा ईशर सिंघ जी (नानकसर वालों) को कि 17 साल हो गए, बाबा जी मुझे मेरे सवाल का जवाब नहीं मिल रहा। बाबा जी ने कहा क्या सवाल है? पण्डित ने कहा कर्म बड़े हैं कि भक्ति बड़ी है? बहुत कठिन सवाल था और सोचा यदि कहा जाए कि कर्म बड़े तो भक्ति बिना कर्म नहीं बनते, पर यदि कहा जाए कि भक्ति बड़ी तो कर्मों के बिना भक्ति नहीं हो सकती। उस पण्डित ने कहा, बाबा जी मुझे 17 साल हो गए हैं, पर इस बात का किसी ने मुझे संतोषजनक जवाब नहीं दिया।

बाबा जी ने दो मिनट ध्यान में लीन होकर उत्तर दिया और कहा कि पण्डित जी, न कर्म बड़े हैं, न ही भक्ति बड़ी है, जिस गुरु नानक महाराज जी ने दोनों चीजें बनाई हैं उनकी कृपा बड़ी है। आज आप जी पढ़ रहे हो:

***बाबुलु मेरा वड समरथा करण कारण प्रभु हारा।।***

*(अंग ७७८)*

वह क्यों? जन्म मौत कितनी बलवान है, लेख कितने बलवान हैं, पर अंदर एक भावना रखो कि छठे पातशाह जी इनसे भी बलवान है, आपकी कृपा—दृष्टि। कृपा न होती तो माता सुलखनी जी के लेखों के मुताबिक गोद में किसी ने खेलना भी नहीं था। पड़ोसियों के बच्चों को

उन्होंने केवल नेत्रों द्वारा देखना था व तरसना था। कटाक्ष सहन करने थे। कर्म तो यह बोल रहे हैं पर छठे पातशाह जी, उन कर्मों से ऊपर आपकी कृपादृष्टि है। एक कागज पर एक (1) ही लिखने लगे छठे पातशाह जी और दया के घर में आ गए मौज में आ गए एक की अपेक्षा सात (7) डाल दिया। कहाँ एक पुत्र लेने आई थी माता सुलखनी जी और सात पुत्रों का वर पा लिया। वह कृपा लेखों से कितनी बलवान है जिसने पूरी जिंदगी पड़ोसियों के बच्चों को देखना था, कटाक्ष सहन करने थे, आज सात पुत्र उसके घर खेल रहे हैं। यह सिदक बना कर अंदर से कह दो पिता जी:



धन्य धन्य श्री गुरु हरिगोबिंद साहिब जी

***बाबुलु मेरा वड समरथा करण कारण प्रभु हारा।।***

*(अंग ७७८)*

डरौली गाँव के पास एक गाँव का नाम वडा गाँव है। श्री गुरु रामदास जी का समय, उस वडे गाँव में श्री गुरु रामदास जी का एक सिक्ख रहता है, भाई आकल। काम क्या करता है? बढई है और जो दिहाड़ी मिलती बढई की, उसका दसवाँ हिस्सा छोटी–सी थैली में डाल लेता है। पुराना समय था। प्रतिदिन आना कठिन था। फिर अमावस व संक्रांति को नियत हुआ कि उस दिन जाना है, गुरु जी के दर्शन करने। हर छह महीने बाद सारा दसवंध लेकर जाना श्री गुरु रामदास जी के दर्शन करके जाना और साथ ही अपना दसवंध देकर हाजरी लगानी। महाराज जी, यह दसवंध स्वीकार करो। जरुर सभी दृष्टिपात करो कि हम दसवंध निकालते हैं कि नहीं शुरु से ही देख लो। आदर्श देकर गुरु साहिब ने मार्ग दिए हैं। धन का भी दसवंध निकाला करो, समय का भी दसवंध भक्ति के लिए निकाला करो। धन का दसवंध देने वाले सोचकर दिया करो कि लग कहाँ रहा है। कई बार अकेले बैठे होते हैं, गुरु साहिब के पास, यह पंक्तियाँ आगे आ जाती हैं:

***हउ ढाढी वेकारु कारै लाइआ।।***

*(अंग १५०)*

दास गुरु साहिब के चरणों में प्यार भरी विनती भी करता है और धन्यवाद भी करता है कि महाराज जी, पता नहीं कौन–सी घड़ी है, आप जी ने दया की और यह फुरना बना दिया कि बाजे पर जो धन आता है, विधवा स्त्रियों के मुख में अन्न का दाना बनकर पड़े। साबुन है, आटा है, दाल है, चावल है, हर चीज जब विधवा औरतों के परिवार के इस्तेमाल में आनी है तो कितनी बार दिन में वह आशीष संगत को मिलती है। कई बार गुरु साहिब के चरणों में अकेले बैठते हैं तो शुक्राना निकलता है कि सतिगुरु जी, आप जी का शुक्र है, शुक्र है। दास ने गुरु साहिब की कृपा से तत्व निकाला है कि परोपकार के काम आप जी भरकर करो, गुरु साहिब स्वयं बरकत भेजते हैं। वह स्वयं कृपा करते हैं, तू परोपकार का कोई भी काम कर, बरकत भेजने की डयूटी मेरी है। इस तरह उनकी प्रत्यक्ष कृपा है। यह भी शुक्राना किया करो कि सतिगुरु जी शुक्र हैः

***हउ ढाढी वेकारु कारै लाइआ।।***

*(अंग १५०)*

आपका दिया दसवंध किसी के घर में साबुन बनकर पहुँचता है, किसी के घर में आटा बन कर, किसी के घर में दाल बनकर पहुँचता है, किसी के घर चावल बन कर तो किसी के घर में अजवायन या मिर्चें बनकर पहुँचता है। एक–एक चीज वहाँ से राशन के साथ मिलती है। वहाँ नजारा देखो। धन तो आप देते हो और भलाई केन्द्र आते कम हो। यह 14–15 लाख रुपए का राशन हर महीने बाबा जी अपनी कृपा से वितरित करवाते हैं। सो गुरु घर की यह पढ़ाई है। यह मार्ग है। यह भाई आकल हर छह महीने बाद दसवंध लेकर चौथे पातशाह जी के चरणों में हाजर होता है। दास बात छोटी करता है, आज कीर्तन ज्यादा हो गया है। क्या करें, दिल ही नहीं भरता। संगत भी अब थोड़े से कीर्तन की आशिक ज्यादा हो रही है। कृपा हो रही है। यह अवस्था–छोटी है क्या? एक टाइम होता है कि कथा बहुत अच्छी लगती है। एक टाइम होता है कि अवस्था बन जाए फिर सिमरन बाणी में मन जुड़ता है। थोड़ी–थोड़ी साथ कथा हो।

चौथे पातशाह जी ज्योति–ज्योत समा गए और आगे समय पाँचवें पातशाह जी का। भाई आकल वैसे ही दसवंध ला रहा है। फिर समय आया कि पाँचवें पातशाह जी भी शहीद हो गए और छठे पातशाह जी का समय आ गया। भाई आकल दसवंध वैसे ही ला रहा है। इसके घर में एक बेटी ने जन्म लिया वह जवान हो गई। जब जवान हुई तो दूसरी ओर समय छठे पातशाह जी का। आजकल तो रिश्ते देखकर होते हैं। पहले तो लागी या कोई अन्य शरीर बीच में आकर रिश्ता कर देते और आकर बता देते थे कि यहाँ रिश्ता कर आए हैं। जिसकी रिश्ता करने की डयूटी लगाई थी, उसने आकर कहा कि भाई आकल भाई साधे के पुत्र भाई साधू से मैं तेरी बेटी का रिश्ता कर आया हूँ। गुड़ की रयोड़ी (डली) दे आया हूँ। उसने कहा कि क्या लड़के वाले गुरु घर को मानते हैं? उसने जवाब में कहा कि मैंने ज्यादा पूछ पड़ताल नहीं की,

मानते ही होंगे। विवाह की तिथि नियत की गई। ध्यान देना। अब आगे कोई पूर्व कर्म आ गए हैं। बारात द्वार पर आ गई। भाई साधा जी का पुत्र साधू जहाँ रिश्ता हुआ है, वह कौन था? सखी सरवर को मानने वाले। अब जब बारात द्वार पर आ गई तो इन्होंने रस्में की सखी सरवर वाली। भाई आकल भोला भाला सिक्ख रोने लगा, बारात भी नहीं लौटा सकता और साथ ही साथ अंदर से रो–रोकर अरदास करता है कि महाराज जी! मैं तो आपका सिक्ख हूँ। गरीब निवाज! सच्चे पातशाह जी, अब क्या बनेगा? बारात लौटाने की भी हिम्मत नहीं उन्होंने रस्में सखी सरवर वाली की। यह है कर्मों का खेल। कर्म लिखे हैं कि वहाँ विवाह होना है। श्री गुरु ग्रंथ साहिब जी के चरण पकड़ो, जो सुख देने वाले हैं। संगत जी ध्यान देना। डोली जा रही है, इस लड़की के हृदय में से फरियादें निकल रही हैं, छठे पातशाह जी, मेरा क्या बनेगा? मैं अब ससुराल जाकर सखी सरवर की समाध को माथा टेकूंगी। गरीब निवाज! मैं गुरु घर को मानने वाली अब रोट बाँटूगी? उस सखी सरवर की समाध को जल से धोऊँगी? डोली में बैठे–बैठे फरियादें निकल रही हैं। गरीब निवाज, बचा लो। रक्षा कीजिए।

*हम डोलत बेड़ी पाप भरी है*
*पवणु लगै मतु जाई॥*
*सनमुख सिध भेटण कउ आए*
*निहचउ देहि वडिआई॥*
*गुर तारि तारणहारिआ॥*
*देहि भगति पूरन अविनासी*
*हउ तुझ कउ बलिहारिआ॥१॥रहाउ॥*

*(अंग ८७८)*

*मो कउ तारि ले रामा तारि ले॥*
*मै अजानु जनु तरिबे न जानउ*
*बाप बीठुला बाह दे॥१॥ रहाउ॥*

*(अंग ८७३)*

*लोभ लहरि अति नीझर बाजै॥*
*काइआ डूबै केसवा॥१॥*
*संसारु समुंदे तारि गुोबिंदे॥*
*तारि लै बाप बीठुला॥१॥ रहाउ॥*

*(अंग ११९६)*

यह तुकलाणी गाँव है, जहाँ के लड़के वाले थे। वडे गाँव से डोली तुकलाणी गाँव को आ रही है। रास्ते में आता है, भाई की डरौली। इस बेटी को जो डोली उठा कर लेकर जा रहे हैं, उनकी परस्पर बातचीत करते पता लगा कि छठे पातशाह जी भाई की डरौली विराजमान हैं। जिन्होंने डोली उठाई थी, अपने स्वर्ण आभूषण उतार कर उनको दे दिए और क्या कहा? एक किलोमीटर इधर लौट जाओ। मेरे गुरु छठे पातशाह जी भाई की डरौली विराजमान हैं। डोली में जाते–जाते मैं रास्ते में उनके दर्शन करती जाऊँ। देखो, लेख। किधर विवाह कर दिया। फरियादों ने रास्ता बना दिया। वह जब डोली उधर ले गए। छठे पातशाह जी बाहर ही दीवान में विराजमान थे, कुछ शरीर पास थे और कहते यह भाई आकल की बेटी डोली में से उतरी। अब यह बात आई है, बाबुल वाली।

बाबुल समझ कर सतिगुरु जी के चरणों में यह भाई आकल की बेटी गिर गई। इतना विलाप किया। सतिगुरु छठे पातशाह जी, मेरा जिसके साथ विवाह हुआ है, वह गुरु घर के सिक्ख नहीं। मनमतीए हैं। मेरा पिता भोला भाला है, गरीब निवाज! बारात भी लौटा नहीं सकते थे। गरीब निवाज! मेरा जहाँ विवाह हुआ है, छठे पातशाह जी, कृपा करो, क्या अब मैं जाकर सखी सरवर की समाध को माथा टेकूंगी? यह लिखा है कि ऐसा विलाप किया, ये आ गए हैं, लेख बलवान। जन्म व मौत बलवान। इनसे भी बलवान आपकी कृपा–दृष्टि है। उसका विलाप देखकर, दाएँ हाथ का अंगूठा लेकर छठे पातशाह जी ने उस बेटी के माथे पर फेरा और कहने लगे, बेटी! तेरे भाग्य में लिखा था, एक मनमतीए से विवाह होना। तेरे कर्मों में लिखा था, एक मनमतीए से तेरी शादी होनी पर तेरा वैराग्य व गुरु की शरण, तू गुरु चरणों में आई है, अंगूठा फेर कर महाराज जी कहते, जाओ बेटी पिछला मिटा और नया लिखा।

*जीअ जंत तेरे धारे ॥*
*प्रभ डोरी हाथि तुमारे ॥*
*जि करावै सो करणा ॥*
*नानक दास तेरी सरणा ॥२॥७॥७१॥*

*(अंग ६२६–२७)*

इसको छोटी बात मत समझना। जब बेटी के माथे पर अंगूठा फेरा तो सृष्टि को भी हुक्म हो गया है, पिछला मिटा और नया लिखा। भाई साधे का पुत्र साधू, वह कहने लगे कि डोली कहाँ गई? पाँच–सात शरीर साथ लिए, पता लगा कि भाई की डरौली गाँव में श्री गुरु हरिगोबिंद साहिब जी विराजमान हैं, लड़की उनको मानने वाली है, डोली उधर चली गई है, वह विलाप कर रही है और महाराज जी अंगूठा फेर रहे हैं। इसका पति व चार–पाँच व्यक्ति इसके साथ हैं, यह नजारा देख रहे हैं। अब सृष्टि को हुक्म हो गया है कि भाई साधे के पुत्र साधू के अंदर के भी ख्याल बदल गए, इतना प्रभावित हो गया कि छठे पातशाह जी के चरणों में गिरकर कहता है कि मुझे भी अपना सिक्ख बना लो। हुक्म हो गया है।

*लख खुसीआ पातिसाहीआ*
*जे सतिगुरु नदरि करेइ ॥*

*(अंग ४४)*

*जीअ जंत तेरे धारे ॥*
*प्रभ डोरी हाथि तुमारे ॥*
*जि करावै सो करणा ॥*
*नानक दास तेरी सरणा ॥२॥७॥७१॥*

*(अंग ६२६–२७)*

बात छोटी करें। भाई साधे के पुत्र ने छठे पातशाह जी के चरणों में विनती की, महाराज जी! मुझे भी अपने दर से सिक्खी की दात प्रदान करो। यह सिक्ख बना। इसका पिता नहीं था बना। घर जाकर सखी सरवर की समाध ध्वस्त कर दी। मैंने अब सिक्खी धारण कर ली है। मैं अब शब्द का पुजारी हूँ। यह साखी बड़ी लंबी है। इनका आगे पुत्र हुआ है, भाई रूपा। भाई साधू व भाई रूपे की आगे क्या साखी है? यह

*–शेष पन्ना 49 पर पढ़ो जी*

अनखीले शहीद

# धन्य धन्य भाई मनी सिंघ जी

*–प्रो. सरबजीत सिंघ*

धन्य हैं कलगीधर पातशाह जी एवं धन्य हैं उनके सिक्ख, जिन्होंने अपने गुरु पिता के वचनों को वैसे पूरा करके निभाया, जैसे सर्वंशदानी ने अपना परिवार व सब कुछ इस खालसा कौम पर कुर्बान किया और अपने सिक्खों के अंदर भी इस तरह का जज्बा भर दिया कि जब कभी भी अन्याय के खिलाफ व जुल्म की आंधी को रोकने के लिए धर्म को बचाने की खातिर अगर सिक्ख को अपना आप व अपना परिवार सब कुछ कुर्बान करना पड़े तो वह हँस कर सब कुछ सत्य व धर्म की खातिर न्यौछावर कर दे पर सिक्खी सिदक से पीछे न हटे, गुरु को पीठ न दिखाए, अकाल पुरख का भाना (रजा) सत्य करके माने। ठीक वैसे ही एक महान शख्सीयत सिक्ख इतिहास में हुई है, जिसने अपना आप, दादा, पिता, भाई व पुत्र सब कुछ समय–समय पर सिक्खी सिदक के लेखे लगा दिया और अंग–अंग कटवा कर भी उफ तक न की। भला ऐसी शख्सीयत भाई मनी सिंघ जी के अलावा अन्य कौन हो सकती है, जो सिक्ख इतिहास की एक महान व पूजनीय हस्ती हैं। आप जी का जन्म भाई माई दास के घर 10 मार्च 1644 ई॰ को माता मधरी बाई जी की कोख से गांव अलीपुर ज़िला मुज़फ्फरगढ़ (पश्चिमी पाकिस्तान) में हुआ था। आप के दादा 'भाई बलू जी' बड़े वीर बहादुर थे, जो छठे पातशाह श्री गुरु हरिगोबिंद साहिब जी के समय तुर्कों से युद्ध करते हुए 15 अप्रैल 1634 ई॰ को अमृतसर में शहीद हो गए। भाई माई दास जी के 12 पुत्र थे। इन में से केवल एक को छोड़कर शेष 11 पुत्र शहीद हुए। इन में से ही प्रसिद्ध शहीद भाई दयाला जी थे (जिनको गुरु तेग बहादुर जी की शहीदी से पहले देग में उबाल कर शहीद किया गया था) आप जी के सगे भाई थे।

जब भाई मनी सिंघ जी की आयु 13 वर्ष की हुई तो इनके पिता भाई मती दास जी को साथ लेकर 'गुरु हरिराय साहिब' के दर्शन करने के लिए श्री कीरतपुर साहिब आए। होनहार 'मनिए' ने जब सतिगुरु जी के चरणों में शीश झुकाया तो सतिगुरु जी ने सुंदर स्वरूप व होनहार 'मनिए' को देखकर फुरमाया कि यह बालक गुणों में भरपूर पूरे जगत में प्रसिद्धि प्राप्त करेगा।

जब आप 15 वर्ष के हुए तो आप का विवाह भाई लखी राय जी की सुपुत्री बीबी सीतो जी से हुआ। यह भाई लखी राय जी वही हैं जिन्होंने नवम् सतिगुरु तेग बहादुर साहिब जी की शहीदी के समय गुरु साहिब के धड़ का संस्कार करने के लिए अपने घर लाकर घर को अग्नि भेंट किया था।

जब धन्य श्री गुरु हरिराय जी ज्योति–

ज्योत समा गए तो भाई मनी सिंघ जी गुरु हरिकृष्ण साहिब की सेवा में तत्पर रहे और गुरु साहिब के दिल्ली में ज्योति–ज्योत समाने के बाद धन्य श्री गुरु तेग बहादुर साहिब की सेवा में बकाला गांव आकर हाजिर हुए।

जब धन्य श्री गुरु तेग बहादुर साहिब जी पूर्व के इलाकों में धर्म प्रचार करके वापिस श्री आनंदपुर साहिब पहुँचे तो भाई मनी सिंघ जी भी श्री आनंदपुर साहिब आ गए। यहाँ रह कर भाई साहिब ने गुरबाणी की पोथियों के अनुवाद करके व करवाने की महान सेवा संभाली।

जब धन्य गुरु तेग बहादुर साहिब जी शहीदी प्राप्त करने के लिए दिल्ली गए तो भाई साहिब की सेवा धन्य गुरु गोबिंद सिंघ जी के पास ठहरने की लगी। दसम पातशाह जी की हजूरी में रहकर आप पढ़ने–पढ़ाने व लिखने–लिखवाने वाले महान विद्वान बन गए। जब सतिगुरु जी राजा मेदनी प्रकाश के निमंत्रण पर नाहन पधारे तो भाई मनी सिंघ जी साथ थे। सन् 1688 में भंगानी का युद्ध हुआ, जिसमें भाई मनी सिंघ जी ने शेष गुरसिक्खों के साथ मिलकर वीरता के जौहर दिखाए। इसी युद्ध में आप के भाई, भाई हरी चंद जी शहीदी को प्राप्त हुए। इसी तरह सन् 1690 को नादौन के युद्ध में आपकी वीरता व गुरु सिदक को देखकर गुरु पातशाह जी ने आपको दीवान की उपाधि प्रदान की।

जब सन् 1699 ई॰ की वैसाखी वाले दिन गुरु जी ने खालसा की सृजना की तो भाई मनी सिंघ जी ने अपने भाइयों व सुपुत्रों सहित खण्डे बाटे की पाहुल ग्रहण की। आप का नाम मनिए से भाई मनी सिंघ हुआ।

भाई साहिब श्री आनंदपुर साहिब में सिक्ख संगतों को प्रतिदिन गुरबाणी की कथा सुनाते थे। श्री अमृतसर साहिब के सिक्खों द्वारा विनती करने पर धन्य गुरु गोबिंद सिंघ जी ने भाई मनी सिंघ जी को पांच सिंघों सहित श्री हरिमन्दिर साहिब, श्री अमृतसर साहिब की सेवा संभाल के लिए सेवादार नियुक्त करके भेजा।

श्री आनंदपुर साहिब के प्रथम युद्ध जिस में पहाड़ी राजाओं ने हाथी को शराब पिलाकर किले का दरवाजा तोड़ने के लिए भेजा था, उस हाथी का मुकाबला भाई मनी सिंघ जी के सुपुत्रों भाई बचित्र सिंघ जी व भाई उदय सिंघ जी ने किया था। सतिगुरु जी ने आपके सुपुत्रों की इस वीरता से प्रसन्न होकर एक विशेष हुक्मनामा प्रदान करके उनको नवाजा था।

जब 6–7 पोष की रात को गुरु साहिब ने श्री आनंदपुर साहिब का किला छोड़ा तो भाई मनी सिंघ जी गुरु के महलों को दिल्ली पहुँचाने में सफल हो गए। मुक्तसर की जंग के बाद जब गुरु जी साबो की तलवंडी पहुँचे तो भाई मनी सिंघ जी, गुरु के महलों एवं संगत को साथ लेकर उपस्थित हुए। यहाँ दमदमा साहिब में सतिगुरु जी ने भाई मनी सिंघ जी से श्री गुरु ग्रंथ साहिब की दमदमी बीड़ लिखवाई, जिसमें धन्य श्री गुरु तेग बहादुर साहिब की बाणी भी दर्ज करवाई। इसी दमदमी बीड़ को ही तदुपरांत नांदेड़ में गुरगद्दी प्रदान की गई थी। जब सतिगुरु जी दक्षिण को चले गए तो भाई मनी

सिंघ जी माताओं को साथ लेकर दिल्ली आ गए।

बाबा बंदा सिंघ जी बहादुर की शहीदी के उपरांत श्रद्धावश सिंघों ने बाबा बंदा सिंघ जी बहादुर को गुरु मानना शुरु कर दिया था। वह अपने आपको बंदई खालसा कहलाते थे। भाई महंत सिंघ 'खेमकरन' बंदइयों के नेता थे। बंदई एक दूसरे को मिलते समय ***वाहिगुरु जी का खालसा।। वाहिगुरु जी की फतेह।।*** की अपेक्षा ***'फतेह दर्शन'*** बुलाते थे। बंदई अमृतसर पर कब्जा करने के लिए रवाना हो गए।

दूसरी ओर तत खालसा द्वारा बाबा बिनोद सिंघ के सुपुत्र बाबा काहन सिंघ ने दीवाली पर सिक्खों की सभा करने की आज्ञा हकूमत से पहले ही ली हुई थी। दोनों गुट अमृतसर पहुँचे और दोनों गुट अपने आपको जायज वारिस व प्रबंधक सिद्ध करने के लिए लड़ने के लिए तैयार हो गए। दीवाली तो आराम से गुजर गई पर जज्बे भड़के हुए थे। इसलिए कोई सदीवी हल की जरूरत थी।

दीवाली के उपरांत सिक्खों ने माता सुंदरी जी को तमाम खतरों से आगाज कराया। माता जी ने दूरदृष्टि से काम लेते हुए भाई मनी सिंघ जी को श्री अमृतसर साहिब का इंचार्ज बनाकर भेजा, साथ ही उनको मुख्य ग्रंथी नियुक्त किया गया। श्री अमृतसर साहिब आकर आपने तमाम हालात का जायजा लिया। पहले तो सेवा संभाल का प्रबंध ठीक किया। मर्यादा कायम की। वैसाखी पर सरबत खालसा को इकट्ठे होने के लिए कहा। वैसाखी वाले दिन भाई मनी सिंघ जी एवं बाबा दीप सिंघ जी ने तजवीज पेश की कि नित्य का झगड़ा मिटाने के लिए एवं प्रबंध किसके हाथ होना चाहिए और वारिस कौन है, इसलिए हरि की पउड़ी में पर्चियाँ डाली जाएं। सो दोनों गुट मान गए।

भाई मनी सिंघ जी व बाबा दीप सिंघ जी ने दो पर्चियाँ एक पर बंदई खालसा का जंगी नारा 'फतेह दर्शन' व दूसरी पर 'वाहिगुरु जी की फतेह' लिखकर हरि की पउड़ी, अमृत सरोवर में डाल दी। फैसला यह हुआ था कि जिसकी पर्ची पहले तैर कर आएगी वही गुरुद्वारों की संभाल का मुखिया नियुक्त किया जाएगा।

करनी कुदरत की कि कुछ समय के लिए दोनों ही पर्चियाँ डूबी रहीं। सब ने अरदास की। एकाग्रचित अमृत सरोवर की ओर दृष्टि करके सरबत खालसा देख रहा था। आखिर 'वाहिगुरु जी की फतेह' वाली पर्ची ऊपर आ गई और तैरने लगी। पंथ ने जयकारे छोड़े और सिक्खों को पंथ की चढ़दी कला का विश्वास हो गया। इस तरह भाई मनी सिंघ जी और बाबा दीप सिंघ जी के बीच में आने के कारण बुद्धिमता से यह झगड़ा अमन सहित निपट गया और भाईयों के हाथों से भाईयों का रक्त बहने से बच गया।

सन् 1738 की दीवाली को भाई मनी सिंघ जी ने सरबत खालसे को एकत्र करने के बारे में सोचा। ज़करिया खान ने इस शर्त पर इजाजत दी कि 5000 रुपए कर (टैक्स) के रूप में देने पड़ेंगे। भाई साहिब ने स्वीकार कर लिया क्योंकि वह हर प्रयास से खालसे को एकत्र करना जरूरी समझते थे। उनका ख्याल था कि

